Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 60 | Monday, March 28, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਓਨਟਾਰੀਓ ਸਥਿਤ ਵਾਈਨਰੀ ਦਾ ਵੱਡਾ ਹਿੱਸਾ ਅੱਗ ਲੱਗਣ ਕਾਰਨ ਹੋਇਆ ਤਬਾਹ



ਓਨਟਾਰੀਓ, 27 ਮਾਰਚ (ਪੋਸਟ ਬਿਊਰੋ) : ਸੇਂਟ ਕੈਥਰੀਨਜ਼, ਓਨਟਾਰੀਓ ਨੇੜੇ ਮੰਨੀ ਪ੍ਰਮੰਨੀ ਵਾਈਨਰੀ ਦਾ ਇੱਕ ਹਿੱਸਾ ਅੱਗ ਲੱਗਣ ਕਾਰਨ ਸੜ ਕੇ ਸੁਆਹ ਹੋ ਗਿਆ। ਅਧਿਕਾਰੀਆਂ ਅਨੁਸਾਰ ਲਾਊਥ ਟਾਊਨਸ਼ਿਪ ਵਿੱਚ 1607 ਏਤਥ ਐਵਨਿਊ ਨੇੜੇ ਸਥਿਤ ਹਰਨਡਰ ਅਸਟੇਟ ਵਾਈਨਜ਼ ਵਿੱਚ ਅੱਗ ਰਾਤੀਂ 10:00 ਵਜੇ ਇਹ ਅੱਗ ਲੱਗੀ। ਨਾਇਗਰਾ ਰੀਜਨਲ ਪੁਲਿਸ ਵੱਲੋਂ ਐਤਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਆਖਿਆ ਗਿਆ ਕਿ ਜਿਸ ਸਮੇਂ ਅੱਗ ਲੱਗੀ ਉਸ ਸਮੇਂ ਇਮਾਰਤ ਵਿੱਚ ਚਾਰ ਮੁਲਾਜ਼ਮ ਮੌਜੂਦ ਸਨ। ਪਰ ਸਮਾਂ ਰਹਿੰਦਿਆਂ ਹੀ ਉਹ ਸਾਰੇ ਬਾਹਰ ਆ ਗਏ। ਇੱਕ ਵਿਅਕਤੀ ਨੂੰ ਮੌਕੇ ਤੋਂ ਧੂੰਆਂ ਚੜ੍ਹ ਜਾਣ ਕਾਰਨ ਹਸਪਤਾਲ ਲਿਜਾਇਆ ਗਿਆ। ਅੱਗ ਫੈਸਿਲਿਟੀ ਦੇ ਸਟੋਰਫਰੰਟ ਏਰੀਆ ਵਿੱਚ ਲੱਗੀ। ਵਾਈਨਰੀ ਦਾ ਇੱਕ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ ਪਰ ਵੱਡੇ ਹਿੱਸੇ, ਜਿਨ੍ਹਾਂ ਵਿੱਚ ਵਾਈਨਰੀ ਦਾ ਵੇਅਰਹਾਊਸ ਤੇ ਪ੍ਰੋਡਕਸ਼ਨ ਏਰੀਆ ਹੈ, ਉਹ ਬਚ ਗਿਆ ਹੈ। ਉੱਥੇ ਕੋਈ ਨੁਕਸਾਨ ਨਹੀਂ ਪਹੁੰਚਿਆ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਬੁਝਾਉਣ ਲਈ ਟੈਂਕਸ, ਲੈਡਰਜ਼ ਤੇ ਏਰੀਅਲ ਡਿਵਾਇਸਿਜ਼ ਲਿਆਂਦੀਆਂ ਗਈਆਂ। ਹਾਦਸੇ ਦੇ ਆਕਾਰ ਕਾਰਨ ਇਸ ਇਲਾਕੇ ਵਿੱਚ ਕਈ ਸਟਰੀਟਸ ਨੂੰ ਬੰਦ ਕਰ ਦਿੱਤਾ ਗਿਆ।

## ਫੋਰਡ ਤੇ ਟੋਰੀ ਨੇ ਟੱਕ ਲਾ ਕੇ ਓਨਟਾਰੀਓ ਲਾਈਨ ਦੀ ਉਸਾਰੀ ਦਾ ਮੁੱਢ ਬੰਨ੍ਹਿਆ



ਓਨਟਾਰੀਓ, 27 ਮਾਰਚ ( ਪੋਸਟ ਬਿਊਰੋ) :ਐਲਾਨੇ ਜਾਣ ਤੋਂ ਤਿੰਨ ਸਾਲ ਬਾਅਦ ਫੋਰਡ ਸਰਕਾਰ ਨੇ ਰਸਮੀ ਤੌਰ ਉੱਤੇ ਟੱਕ ਲਾ ਕੇ ਓਨਟਾਰੀਓ ਲਾਈਨ ਦੀ ਉਸਾਰੀ ਦਾ ਮੁੱਢ ਬੰਨ੍ਹਿਆ।

ਐਤਵਾਰ ਦੁਪਹਿਰ ਨੂੰ ਟੱਕ ਲਾਉਣ ਦੀ ਇਸ ਰਸਮ ਮੌਕੇ ਪ੍ਰੀਮੀਅਰ ਡੱਗ ਫੋਰਡ, ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ, ਫੈਡਰਲ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਤੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਹਾਜ਼ਰ ਸਨ। 16 ਕਿਲੋਮੀਟਰ ਲੰਮੀਂ, 15 ਸਟੌਪ ਵਾਲੀ ਇਸ ਓਨਟਾਰੀਓ ਲਾਈਨ ਦਾ ਖੁਲਾਸਾ ਸੱਭ ਤੋਂ ਪਹਿਲਾਂ ਪੀਸੀ ਸਰਕਾਰ ਵੱਲੋਂ 2019 ਵਿੱਚ ਕੀਤਾ ਗਿਆ।

ਇਹ ਸਿਟੀ ਦੇ ਸ਼ੁਰੂਆਤੀ ਰਲੀਫ ਲਾਈਨ ਪ੍ਰਸਤਾਵ ਦਾ ਪਸਾਰ ਹੀ ਸੀ। ਜਦੋਂ 2030 ਵਿੱਚ ਇਹ ਮੁਕੰਮਲ ਹੋ ਜਾਵੇਗੀ ਤਾਂ ਇਹ ਲਾਈਨ 40 ਹੋਰਨਾਂ ਟਰਾਂਜ਼ਿਟ ਰੂਟਸ ਨਾਲ ਜੁੜੇਗੀ, ਇਨ੍ਹਾਂ ਵਿੱਚ ਗੋਅ ਟਰੇਨ ਲਾਈਨਜ਼, ਟੀਟੀਸੀ ਸਬਵੇਅ ਅਤੇ ਸਟਰੀਟਕਾਰ ਸਟੌਪਸ ਤੇ ਨਵੀਂ ਈਸਟ-ਵੈਸਟ ਲਾਈਟ ਰੇਲ ਲਾਈਨ-ਜਿਸ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ, ਵੀ ਸ਼ਾਮਲ ਹੋਣਗੀਆਂ।

## ਫੈਡਰਲ ਸਰਕਾਰ ਨਾਲ ਓਨਟਾਰੀਓ ਨੇ ਸਾਈਨ ਕੀਤੀ 102 ਬਿਲੀਅਨ ਡਾਲਰ ਦੀ ਚਾਈਲਡ ਕੇਅਰ ਡੀਲ



ਓਟਵਾ, 27 ਮਾਰਚ (ਪੋਸਟ ਬਿਊਰੋ) : ਐਤਵਾਰ ਨੂੰ ਓਨਟਾਰੀਓ ਨੇ ਫੈਡਰਲ ਸਰਕਾਰ ਨਾਲ 10.2 ਬਿਲੀਅਨ ਡਾਲਰ ਦੀ ਡੀਲ ਕੀਤੀ। ਇਸ ਨਾਲ ਇਸ ਸਾਲ ਦੇ ਅੰਤ ਤੱਕ ਪ੍ਰੋਵਿੰਸ ਵਿੱਚ ਚਾਈਲਡ ਕੇਅਰ ਫੀਸ ਵਿੱਚ ਵੱਡੀ ਕਟੌਤੀ ਹੋਵੇਗੀ।

ਇਸ ਸਬੰਧ ਵਿੱਚ ਚੱਲ ਰਹੀ ਗੱਲਬਾਤ ਦੀ ਜਾਣਕਾਰੀ ਰੱਖਣ ਵਾਲੇ ਦੋਵਾਂ ਸਰਕਾਰਾਂ ਦੇ ਸੋਤਰਾਂ ਅਨੁਸਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੀਮੀਅਰ ਡੱਗ ਫੋਰਡ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਇਸ ਡੀਲ ਦਾ ਐਲਾਨ ਕਰਨਗੇ। ਸਾਰੇ ਸੂਤਰਾਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇਹ ਜਾਣਕਾਰੀ ਦਿੱਤੀ।

ਸਾਲ 2026 ਦੇ ਅੰਤ ਤੱਕ ਚਾਈਲਡ ਕੇਅਰ ਫੀਸ ਨੂੰ ਔਸਤਨ 10 ਡਾਲਰ ਤੱਕ ਕਰਨ ਦੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਓਨਟਾਰੀਓ ਵਾਲੀ ਡੀਲ ਆਖਰੀ ਕੜੀ ਸੀ। ਇਸ ਡੀਲ ਦੇ ਹਿੱਸੇ ਵਜੋਂ ਦਸੰਬਰ ਦੇ ਅੰਤ ਤੱਕ ਓਨਟਾਰੀਓ ਔਸਤ ਫੀਸ ਵਿੱਚ 50 ਫੀ ਸਦੀ ਦੀ ਕਟੌਤੀ ਕਰੇਗਾ, ਪੰਜ ਸਾਲ ਖ਼ਤਮ ਹੋਣ ਉੱਤੇ ਚਾਈਲਡ ਕੇਅਰ ਵਿੱਚ 86,000 ਨਵੀਆਂ ਥਾਂਵਾਂ ਤਿਆਰ ਕਰੇਗਾ,ਚਾਈਲਡ ਕੇਅਰ ਵਰਕਰਜ਼ ਲਈ ਘੱਟ ਤੋਂ ਘੱਟ ਉਜਰਤ ਘੰਟੇ ਦੇ 18 ਡਾਲਰ ਤੇ ਸੁਪਰਵਾਈਜ਼ਰਜ਼ ਲਈ ਘੰਟੇ ਦੇ 20 ਡਾਲਰ ਕਰੇਗਾ।

ਇਨ੍ਹਾਂ ਭੱਤਿਆਂ ਵਿੱਚ ਹਰ ਸਾਲ ਪ੍ਰਤੀ ਘੰਟਾ 1 ਡਾਲਰ ਦਾ ਵਾਧਾ ਹੋਵੇਗਾ ਜਦੋਂ ਤੱਕ ਇਹ ਭੱਤੇ 25 ਡਾਲਰ ਪ੍ਰਤੀ ਘੰਟਾਂ ਤੱਕ ਨਹੀਂ ਪਹੁੰਚ ਜਾਂਦੇ। ਚਾਈਲਡ ਕੇਅਰ ਵਾਲੀਆਂ ਥਾਂਵਾਂ ਲਾਇਸੰਸਸ਼ੁਦਾ ਹੋਣੀਆਂ ਚਾਹੀਦੀਆਂ ਹਨ ਤੇ ਤਰਜੀਹ ਪਬਲਿਕ ਤੇ ਗੈਰ ਮੁਨਾਫੇ ਵਾਲੀਆਂ ਥਾਂਵਾਂ ਨੂੰ ਦਿੱਤੀ ਜਾਵੇਗੀ ਪਰ ਇਸ ਸਮਝੌਤੇ ਤਹਿਤ ਪ੍ਰਾਈਵੇਟ ਤੇ ਮੁਨਾਫਾ ਕਮਾਉਣ ਵਾਲੇ ਸੈਂਟਰਾਂ ਨੂੰ ਅਣਗੌਲਿਆ ਨਹੀਂ ਛੱਡਿਆ ਜਾਵੇਗਾ। ਓਨਟਾਰੀਓ ਦੀਆਂ ਪੰਜਵਾਂ ਹਿੱਸਾ ਚਾਈਲਡ ਕੇਅਰ ਥਾਂਵਾਂ ਪ੍ਰਾਈਵੇਟ ਹਨ ਤੇ ਮੁਨਾਫਾ ਕਮਾਉਣ ਲਈ ਕਾਰਪੋਰੇਸ਼ਨਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਪ੍ਰੋਵਿੰਸ ਵਿੱਚ ਸੱਭ ਤੋਂ ਵੱਧ ਚਾਈਲਡ ਕੇਅਰ ਫੀਸ ਵੀ ਵਸੂਲੀ ਜਾਂਦੀ ਰਹੀ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

## ਸੱਤਾ ਵਿੱਚ ਆਏ ਤਾਂ ਘੱਟ ਤੋਂ ਘੱਟ ਉਜਰਤ 16 ਡਾਲਰ ਪ੍ਰਤੀ ਘੰਟਾ ਕਰਾਂਗੇ : ਡੈਲ ਡੂਕਾ




ਟੋਰਾਂਟੋ, 27 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਸਟੀਵਨ ਡੈਲ ਡੂਕਾ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੇ ਜੂਨ ਵਿੱਚ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਰੀਜਨਲ ਘੱਟ ਤੋਂ ਘੱਟ ਉਜਰਤਾਂ 16 ਡਾਲਰ ਪ੍ਰਤੀ ਘੰਟਾ ਕਰਨਗੇ ਅਤੇ 10 ਪੇਡ ਸਿੱਕ ਡੇਜ਼ ਦੇਣ ਵਾਲੇ ਕਾਰੋਬਾਰਾਂ ਨੂੰ ਮੁਆਵਜ਼ਾ ਵੀ ਦੇਣਗੇ।

ਪਾਰਟੀ ਮੈਂਬਰਾਂ ਨੂੰ ਸ਼ਨਿੱਚਰਵਾਰ ਨੂੰ ਦਿੱਤੇ ਗਏ ਇਸ ਭਾਸ਼ਣ ਵਿੱਚ ਡੈਲ ਡੂਕਾ ਨੇ ਇਸ ਤਰ੍ਹਾਂ ਦੇ ਵਾਅਦਿਆਂ ਦੀ ਝੜੀ ਲਾ ਦਿੱਤੀ। ਇਸ ਈਵੈਂਟ ਨੂੰ ਲਿਬਰਲਾਂ ਦਾ ਚੋਣਾਂ ਨਾਲ ਸਬੰਧਤ ਪਹਿਲਾ ਕੈਂਪੇਨ ਈਵੈਂਟ ਦੱਸਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਵਰਕਰਜ਼ ਨੂੰ ਉਨ੍ਹਾਂ ਦੇ ਕੰਮਕਾਰ ਬਦਲੇ ਅਸਲ ਹਿਫਾਜ਼ਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਆਖਿਆ ਕਿ ਸਾਡਾ ਅਰਥਚਾਰਾ ਬਦਲ ਗਿਆ ਹੈ ਤੇ ਕੰਮ ਕਰਨ ਦੇ ਨਵੇਂ ਤਰੀਕੇ ਖ਼ਤਮ ਨਹੀਂ ਹੋਣਗੇ। ਉਨ੍ਹਾਂ ਆਖਿਆ ਕਿ ਅਸੀਂ ਕੰਮਕਾਜੀ ਲੋਕਾਂ ਤੇ ਵਰਕਰਜ਼ ਲਈ ਕੰਮ ਕਰਨ ਦੇ ਤਜ਼ਰਬੇ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ।

ਸ਼ੁਰੂਆਤ ਲਈ ਅਸੀਂ ਉਜਰਤਾਂ 15 ਡਾਲਰ ਪ੍ਰਤੀ ਘੰਟੇ ਤੋਂ 16 ਡਾਲਰ ਪ੍ਰਤੀ ਘੰਟਾ ਕਰਾਂਗੇ। ਇਸ ਦੌਰਾਨ ਐਨਡੀਪੀ ਨੇ ਵੀ ਘੱਟ ਤੋਂ ਘੱਟ ਉਜਰਤਾਂ ਪਹਿਲੀ ਅਕਤੂਬਰ ਤੱਕ 16 ਡਾਲਰ ਪ੍ਰਤੀ ਘੰਟਾ ਕਰਨ ਅਤੇ ਵੱਧ ਤੋਂ ਵੱਧ ਉਜਰਤਾਂ ਟੋਰਾਂਟੋ ਵਿੱਚ 22 ਡਾਲਰ ਪ੍ਰਤੀ ਘੰਟਾ ਕਰਨ ਦਾ ਵਾਅਦਾ ਕੀਤਾ।

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿੱਚ
ਇੰਮੀਗਰੇਸ਼ਨ ਸੇਵਾਵਾਂ
10-20% Discount
Raj Narang
Ritu Narang
ICCRC
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

ROYAL STAR
Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਚੰਡੀਗੜ੍ਹ ਵਿੱਚ ਕੇਂਦਰੀ ਸਰਵਿਸ ਰੂਲ ਲਾਗੂ ਕਰਨ ਦਾ ਐਲਾਨ

## * ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਵਿਰੋਧ



ਚੰਡੀਗੜ੍ਹ, 27 ਮਾਰਚ, (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਐਤਵਾਰਵੱਡਾ ਐਲਾਨ ਕੀਤਾ ਹੈ ਕਿ ਚੰਡੀਗੜ੍ਹ ਵਿ-ਚਅੱਗੇ ਤੋਂ ਕੇਂਦਰੀ ਸੇਵਾਵਾਂ ਨਿਯਮ (ਸੈਂਟਰਲ ਸਰਵਿਸਿਜ਼ ਰੂਲਜ਼) ਲਾਗੂ ਹੋਣਗੇ। ਚੰਡੀਗੜ੍ਹ ਫੇਰੀ ਦੌਰਾਨ ਅੱਜ ਅਮਿਤ ਸ਼ਾਹ ਨੇ ਕਿਹਾ ਕਿ ਉਹ ਇਸ ਦਾ ਨੋਟੀਫੀਕੇਸ਼ਨ ਸੋਮਵਾਰ ਨੂੰ ਜਾਰੀ ਕਰ ਦੇਣਗੇ।

ਵਰਨਣ ਯੋਗ ਹੈ ਕਿ ਪੰਜਾਬ ਦੀ ਵੰਡ ਕਰ ਕੇ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਅਤੇ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾਏ ਜਾਣ ਪਿੱਛੋਂ ਅੱਜ ਤੱਕ ਇਸ ਸ਼ਹਿਰ ਵਿੱਚ ਪੰਜਾਬ ਦੇ ਸਰਵਿਸ ਨਿਯਮ ਹੀ ਚੱਲਦੇ ਸਨ, ਪਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇਸ ਨੂੰ ਕੇਂਦਰਰ ਦੇ ਮੁਲਾਜ਼ਮਾਂ ਦੇ ਰੂਲਜ਼ ਨਾਲ ਜੋੜ ਦਿੱਤਾ ਹੈ। ਇਸ ਬਾਰੇ ਐਲਾਨ ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਜਿੰਨੇ ਵੀ ਕਰਮਚਾਰੀ ਹਨ, ਭਵਿੱਖ ਵਿੱਚ ਉਹ ਸਭ ਕੇਂਦਰੀ ਸਰਵਿਸਿਜ਼ ਰੂਲਜ਼ ਹੇਠਕੰਮ ਕਰਨਗੇ ਅਤੇ ਉਨ੍ਹਾਂ ਦੀਆਂ ਸਹੂਲਤਾਂ ਵਿੱਚ ਵਾਧਾ ਹੋਵੇਗਾ। ਇਸਦੇ ਨਾਲ ਜਿਹੜੇ ਮੁਲਾਜ਼ਮਾਂ ਦੀ ਸੇਵਾਮੁਕਤੀ 58 ਸਾਲ ਦੀ ਉਮਰਵਿੱਚ ਹੋਣੀ ਸੀ, ਉਹ 2 ਸਾਲ ਲਈ ਵਧਾ ਦਿੱਤੀ ਗਈ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਚੰਡੀਗੜ੍ਹ ਦੇ ਮੁਲਾਜ਼ਮਾਂ ਉੱਤੇ ਕੇਂਦਰੀ ਸਰਵਿਸਿਜ਼ ਨਿਯਮ ਲਾਗੂ ਕਰਨ ਦੇ ਐਲਾਨ ਦਾਸ਼੍ਰੋਮਣੀ ਅਕਾਲੀ ਦਲ ਨੇ ਵਿਰੋਧ ਕੀਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਟਵੀਟ ਕਰ ਕੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ)ਵਿੱਚ ਬਦਲਾਓ ਕਰਨ ਪਿੱਛੋਂ ਪੰਜਾਬ ਦੇ ਅਧਿਕਾਰਾਂ ਪੱਖੋਂਇਹ ਇੱਕ ਹੋਰ ਧੱਕਾ ਹੈ, ਚੰਡੀਗੜ੍ਹ ਦੇ ਮੁਲਾਜ਼ਮਾਂ ਉੱਤੇ ਕੇਂਦਰ ਸਰਕਾਰ ਦੇ ਨਿਯਮ ਲਾਗੂ ਕਰਨ ਦਾ ਗ੍ਰਹਿ ਮੰਤਰਾਲੇ ਦਾ ਫ਼ੈਸਲਾ ਪੰਜਾਬ ਪੁਨਰਗਠਨ ਐਕਟ ਦੀ ਭਾਵਨਾ ਦੀ ਉਲੰਘਣਾ ਹੈ, ਜਿਸਦਾ ਅਰਥ ਪੰਜਾਬ ਦੀ ਰਾਜਧਾਨੀ ਦੇ ਹੱਕ ਤੋਂ ਸਦਾ ਲਈ ਵਾਂਝਾ ਕਰਨਾ ਹੈ। ਉਨ੍ਹਾਂ ਇਸ ਉੱਤੇ ਮੁੜ ਵਿਚਾਰ ਦੀ ਮੰਗ ਕੀਤੀ ਹੈ। ਦੂਸਰੇ ਪਾਸੇ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਤਿੱਖਾ ਵਿਰੋਧ ਕੀਤਾ ਹੈ। ਅਮਿਤ ਸ਼ਾਹ ਦੇ ਐਲਾਨ ਬਾਰੇ ਸੁਖਪਾਲ ਸਿੰਘ ਖਹਿਰਾ ਨੇ ਟਵੀਟ ਕੀਤਾ ਹੈ ਕਿ ਅਸੀਂ ਚੰਡੀਗੜ੍ਹ ਦੇ ਕੰਟਰੋਲ ਉੱਤੇ ਪੰਜਾਬ ਦੇ ਅਧਿਕਾਰਾਂ ਨੂੰ ਹੜੱਪਣ ਦੇ ਭਾਜਪਾ ਦੇ ਤਾਨਾਸ਼ਾਹੀ ਫ਼ੈਸਲੇ ਦੀ ਸਖ਼ਤ ਨਿੰਦਾ ਕਰਦੇ ਹਾਂ, ਚੰਡੀਗੜ੍ਹ ਪੰਜਾਬ ਦਾ ਹੈ ਤੇ ਇਹ ਇਕਪਾਸੜ ਫ਼ੈਸਲਾ ਫੈਡਰਲ ਢਾਂਚੇ ਉੱਤੇਅਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਉੱਤੇ ਪੰਜਾਬ ਦੇ 60 ਫੀਸਦੀ ਹਿੱਸੇ ਉੱਤੇ ਵੀ ਹਮਲਾ ਹੈ।

# ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਕਿਸੇ ਨੇ ਘਸੁੰਨ ਮਾਰਿਆ, ਪੁਲਿਸ ਨੇ ਦੋਸ਼ੀ ਫੜਿਆ

ਪਟਨਾ, 27 ਮਾਰਚ, (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਉੱਤੇਅੱਜ ਐਤਵਾਰ ਨੂੰ ਹਮਲਾ ਕਰ ਦਿੱਤਾ ਗਿਆ, ਪਰ ਪੁਲਸ ਨੇ ਖੜੇ ਪੈਰ ਇਸ ਘਟਨਾ ਦੇ ਦੋਸ਼ੀ ਨੂੰ ਫੜ ਲਿਆ ਹੈ।

ਪਤਾ ਲੱਗਾ ਹੈ ਕਿ ਬਿਹਾਰ ਦੇ ਬਖਤਿਆਰਪੁਰ ਵਿੱਚ ਇੱਕ ਵਿਅਕਤੀ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਅੱਜ ਅਚਾਨਕ ਮੁੱਕਾ ਮਾਰ ਦਿੱਤਾ।ਮੁੱਖ ਮੰਤਰੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਪੁਲਸ ਉਸਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਅਤੇਉਸ ਤੋਂ ਪੁੱਛਗਿੱਛ ਕਰ ਰਹੀ ਹੈ। ਦੱਸਿਆ ਜਾਂਦਾ ਹੈ ਕਿ ਇਹ ਵਿਅਕਤੀ ਮਾਨਸਿਕ ਪੱਖੋਂ ਪਰੇਸ਼ਾਨ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਦੂਸਰੀ ਵਾਰ ਇਸ ਅਹੁਦੇ ਦੇ ਸਹੁੰ ਚੁੱਕਣ ਦੇ ਸਮਾਗਮ ਵਿੱਚ ਸ਼ਾਮਲ ਹੋਣ ਪਿੱਛੋਂ ਪਟਨਾ ਪਰਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਇੱਕ ਨਿੱਜੀ ਪ੍ਰੋਗਰਾਮ ਵਿੱਚ ਬਖਤਿਆਰਪੁਰ ਗਏ ਸਨ।ਓਥੇ ਉਹ ਜਦੋਂ ਮੂਰਤੀ ਨੂੰ ਮਾਲਾ ਪਾਉਣ ਲੱਗੇ ਤਾਂ ਭੀੜ ਵਿੱਚੋਂ ਇੱਕ ਜਣੇ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ, ਪਰਮੁੱਖ ਮੰਤਰੀ ਦੇ ਸੁਰੱਖਿਆ ਗਾਰਡਾਂ ਨੇ ਉਸ ਨੂੰ ਫੜ ਲਿਆ। ਏਦੂੰ ਪਹਿਲਾਂ ਵੀ ਨਿਤੀਸ਼ ਕੁਮਾਰ ਉੱਤੇ ਪਹਿਲਾਂ ਵੀ ਹਮਲੇ ਹੋ ਚੁੱਕੇ ਹਨ।ਪਿਛਲੇ ਸਾਲ ਬਿਹਾਰ ਵਿਧਾਨ ਸਭਾਚੋਣਾਂਵੇਲੇ ਮਧੂਬਨੀ ਵਿੱਚਇੱਕ ਚੋਣ ਜਲਸੇਮੌਕੇਇੱਕ ਵਿਅਕਤੀ ਨੇ ਨਿਤੀਸ਼ ਕੁਮਾਰ ਉੱਤੇ ਪਿਆਜ਼ਾਂ ਤੇ ਇੱਟਾਂ ਨਾਲ ਹਮਲਾ ਕੀਤਾ ਸੀ, ਪਰ ਸੁਰੱਖਿਆ ਗਾਰਡਾਂ ਨੇ ਬਚਾਅ ਲਿਆ ਸੀ।

# ਅਫਗਾਨਿਸਤਾਨ ਦਾ ਸੰਕਟ: ਲੜਕੀਆਂ ਦੇ ਸਕੂਲ ਬੰਦ ਕਰਨ ਉੱਤੇ ਅਮਰੀਕਾ ਵੀ ਨਾਰਾਜ਼

## * ਤਾਲਿਬਾਨ ਨਾਲ ਸਾਰੀਆਂ ਮੀਟਿੰਗਾਂ ਰੱਦ ਕੀਤੀਆਂ

ਵਾਸ਼ਿੰਗਟਨ, 27 ਮਾਰਚ, (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਲੜਕੀਆਂ ਦੇ ਸਕੂਲ ਬੰਦ ਹੋਣ ਉੱਤੇ ਅਮਰੀਕਾ ਨੇ ਵੀ ਨਾਰਾਜ਼ਗੀ ਜਤਾਈ ਅਤੇ ਦੋਹਾ ਵਿੱਚ ਤਾਲਿਬਾਨ ਨਾਲ ਸਾਰੀਆਂ ਮੀਟਿੰਗਾਂ ਰੱਦ ਕਰ ਦਿੱਤੀਆਂ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਸ਼ੁੱਕਰਵਾਰ ਨੂੰ ਕਿਹਾ ਕਿ ਇਸਲਾਮਿਕ ਰਾਜਵੱਲੋਂ ਲੜਕੀਆਂ ਦੇ ਸੈਕੰਡਰੀ ਸਕੂਲ ਬੰਦ ਕਰਨ ਦੇ ਫੈਸਲੇ ਪਿੱਛੋਂ ਦੋਹਾ ਵਿੱਚ ਤਾਲਿਬਾਨ ਨਾਲ ਰੱਖੀਆਂਬੈਠਕਾਂ ਨੂੰ ਰੱਦ ਕੀਤਾ ਹੈ।ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੀਤਾਲਿਬਾਨ ਵੱਲੋਂਲੜਕੀਆਂ ਦੇ ਸੈਕੰਡਰੀ ਸਕੂਲ ਬੰਦ ਕਰਨ ਦੀ ਆਲੋਚਨਾ ਕੀਤੀ ਅਤੇ ਪਾਬੰਦੀ ਦੀਆਂ ਦਲੀਲਾਂ ਨੂੰ ਰੱਦ ਕੀਤਾ ਹੈ।ਉਨ੍ਹਾ ਕਿਹਾ, 'ਸਿੱਖਿਆ ਮਨੁੱਖੀ ਅਧਿਕਾਰ ਹੈ। ਤਾਲਿਬਾਨ ਦਾ ਵਾਅਦਾ ਸੀ ਕਿ ਕੁੜੀਆਂ ਨੂੰ ਹਰ ਪੱਧਰ ਦੀ ਸਿੱਖਿਆਦੇਣਗੇ। ਉਹ ਵਾਅਦੇ ਤੋਂ ਮੁੱਕਰਗਏ ਹਨ। ਲੜਕੀਆਂ ਤੇ ਔਰਤਾਂ ਸੈਕੰਡਰੀ ਸਕੂਲਾਂ ਵਿੱਚਗਈਆਂ ਤਾਂ ਅਗਲੇ ਨੋਟਿਸ ਤੱਕ ਸਕੂਲ ਨਾ ਆਉਣ ਲਈ ਕਹਿ ਕੇ ਮੋੜਿਆ ਹੈ।' ਉਨ੍ਹਾਂ ਕਿਹਾ ਕਿ ਅਮਰੀਕਾ ਉਨ੍ਹਾਂ ਲੜਕੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹੈ, ਜਿਹੜੇ ਸਿੱਖਿਆ ਨੂੰ ਤਰੱਕੀ ਅਤੇ ਸੰਪੰਨਤਾ ਦਾ ਜ਼ਰੀਆ ਮੰਨਦੇ ਹਨ।

IMMIGRATION SERVICES
INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਲੱਗੀਆਂ ਹਟਣ ਪਾਬੰਦੀਆਂ ਫੇਰ ਕਹਿੰਦੇ,
ਲੱਗ ਪਏ ਉੱਡਣ ਜਹਾਜ਼ ਨੇ ਫੇਰ ਬੇਲੀ।
ਨਿਕਲਿਆ ਸਮਾਂ ਕਸੂਤਾ ਈ ਬੜਾ ਔਖਾ,
ਜਾਪਦੀ ਲੱਗੀ ਕੋਈ ਚੜ੍ਹਨ ਸਵੇਰ ਬੇਲੀ।
ਵੈਕਸੀਨ ਬਣਨ ਦੀ ਬੜੀ ਉਡੀਕ ਲੰਮੀ,
ਡਾਢੀ ਲੱਗ ਗਈ ਬਣਦਿਆਂ ਦੇਰ ਬੇਲੀ।
ਬਚਣ ਵਾਲੇ ਨਾ ਪੀੜਾਂ ਇਹ ਜਾਣ ਸਕਦੇ,
ਪੈ ਗਿਆ ਕਿੰਨਾ ਸੀ ਕਿੱਧਰ ਹਨੇਰ ਬੇਲੀ।
ਪਰਤਿਆ ਸਮਾਂ ਤਾਂ ਹੋਇਆ ਹੈ ਸਾਹ ਸੌਖਾ,
ਹਰ ਕੋਈ ਜਾਂਦਾ ਬੱਸ ਖੁਸ਼ੀ ਮਨਾਈ ਬੇਲੀ।
ਲਾਪਰਵਾਹੀ ਕੁਝ ਵਰਤੀ ਤੇ ਪਊ ਮਹਿੰਗੀ,
ਚੌਕਸੀ ਛੱਡਣ ਦੀ ਨੌਬਤ ਨਾ ਆਈ ਬੇਲੀ।

**ਤੀਸ ਮਾਰ ਖਾਂ**

# ਨਵੇਂ ਜੇਲ੍ਹ ਮੰਤਰੀ ਹਰਜੋਤ ਬੈਂਸ ਦੀ ਕਾਰਵਾਈ ਨੇ ਵਿਵਾਦ ਛੇੜਿਆ

### * ਮਜੀਠੀਏ ਨੂੰ ਸਹੂਲਤਾਂ ਦੇਂਦਾ ਜੇਲ੍ਹਰ ਹਟਾਇਆ, ਸੁਖਬੀਰ ਦਾ ਨੇੜੂ ਲਾਇਆ

ਚੰਡੀਗੜ੍ਹ, 27 ਮਾਰਚ, (ਪੋਸਟ ਬਿਊਰੋ)- ਪਟਿਆਲਾ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਨੂੰ ਬਦਲਣ ਮਗਰੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਉੱਤੇ ਸਵਾਲ ਉਠਾਏ ਜਾਣ ਲੱਗ ਪਏ ਹਨ।

ਵਰਨਣ ਯੋਗ ਹੈ ਕਿ ਡਰੱਗ ਕੇਸ ਵਿੱਚ ਫਸੇ ਹੋਏ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਇਸ ਵੇਲੇ ਪਟਿਆਲਾ ਜੇਲ੍ਹ ਵਿੱਚ ਬੰਦ ਹਨ। ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਕ ਦਿਨ ਪਹਿਲਾਂ ਇਸ ਜੇਲ੍ਹ ਦਾ ਸੁਪਰਡੈਂਟ ਇਸ ਦੋਸ਼ ਹੇਠ ਹਟਾ ਦਿੱਤਾ ਸੀ ਕਿ ਉਹ ਬਿਕਰਮ ਸਿੰਘ ਮਜੀਠੀਆ ਨੂੰ ਵਿਸ਼ੇਸ਼ ਸਹੂਲਤਾਂ ਦੇਣ ਦਾਦੋਸ਼ੀ ਦੱਸਿਆ ਗਿਆ ਸੀ। ਉਸ ਦੇ ਬਾਅਦ ਜਿਸ ਸੁੱਚਾ ਸਿੰਘ ਨੂੰ ਏਥੇ ਸੁਪਰਡੈਂਟ ਲਾਇਆ ਗਿਆ, ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਰੀਬੀ ਨਿਕਲਿਆ ਹੈ ਅਤੇ ਸੁਖਬੀਰ ਸਿੰਘ ਬਾਦਲ ਜੇਲ੍ਹ ਵਿੱਚ ਬੰਦ ਬਿਕਰਮ ਸਿੰਘ ਮਜੀਠੀਆ ਦਾ ਸਕਾ ਜੀਜਾ ਹੈ। ਇਸ ਕਾਰਨ ਸੁੱਚਾ ਸਿੰਘ ਨੂੰ ਏਥੇ ਜੇਲ੍ਹ ਸੁਪਰਡੈਂਟ ਲਾਏ ਜਾਣ ਨਾਲਕਈ ਸਵਾਲ ਉੱਠਣ ਲੱਗ ਪਏ ਹਨ ਅਤੇ ਇਸ ਨੂੰ ਅਕਾਲੀ ਲੀਡਰਸ਼ਿਪ ਨਾਲ ਸਾਂਝ ਦਾ ਨਮੂਨਾ ਕਿਹਾ ਜਾ ਰਿਹਾ ਹੈ।

ਪਟਿਆਲਾ ਜੇਲ੍ਹ ਵਿੱਚ ਦੇ ਪਿਛਲੇ ਸੁਪਰਡੈਂਟਸ਼ਿਵਰਾਜ ਸਿੰਘ ਨੂੰ ਇਸ ਦੋਸ਼ ਹੇਠ ਹਟਾਇਆ ਗਿਆ ਸੀ ਕਿ ਉਹ ਬਿਕਰਮ ਸਿੰਘ ਮਜੀਠੀਆ ਨੂੰ ਵੀਆਈਪੀ ਟ੍ਰੀਟਮੈਂਟ ਦੇਂਦਾ ਹੈ, ਪਰ ਨਵੀਂ ਨਿਯੁਕਤੀ ਨਾਲ ਸਵਾਲ ਉੱਠੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਿਕਰਮ ਸਿੰਘ ਮਜੀਠੀਆ ਲਈ ਵੀਆਈਪੀ ਟ੍ਰੀਟਮੈਂਟਰੋਕਣਾ ਚਾਹੁੰਦੀ ਹੈ ਜਾਂ ਯਕੀਨੀ ਕਰਨਾ ਚਾਹੁੰਦੀ ਹੈ? ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਹਾਲੇ ਨੇ ਦੋ ਦਿਨ ਪਹਿਲਾਂ ਪਟਿਆਲਾ ਜੇਲ੍ਹ ਦਾ ਦੌਰਾ ਕਰ ਕੇ ਜੇਲ੍ਹ ਸੁਪਰਡੈਂਟ ਬਦਲਿਆ ਸੀ, ਪਰ ਨਵੇਂ ਸੁਪਰਡੈਂਟ ਸੁੱਚਾ ਸਿੰਘ ਦੀ ਵੀ ਬਾਦਲ ਪਰਿਵਾਰ ਨਾਲ ਨੇੜਤਾ ਨਿਕਲ ਪਈ ਹੈ।


ਮਿਲੀ ਜਾਣਕਾਰੀ ਅਨੁਸਾਰ ਬੀਤੀ 1 ਮਾਰਚ ਨੂੰ ਜਦੋਂ ਅਜੇ ਵਿਧਾਨ ਸਭਾ ਚੋਣਾਂ ਦਾ ਨਤੀਜਾ ਨਹੀਂ ਸੀ ਆਇਆ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਜੇਲ੍ਹ ਵਿੱਚ ਬੰਦ ਆਪਣੇ ਸਾਲੇ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਗਏ ਸਨ ਤੇ ਉਨ੍ਹਾਂ ਦੀ ਪਤਨੀ ਅਤੇ ਬਿਕਰਮ ਸਿੰਘ ਦੀ ਭੈਣ ਹਰਸਿਮਰਤ ਕੌਰ ਵੀ ਉਨ੍ਹਾਂ ਦੇ ਨਾਲ ਸਨ। ਇਸ ਤੋਂ ਬਾਅਦ ਉਹ ਆਪਣੀ ਪਾਰਲੀਮੈਂਟ ਮੈਂਬਰ ਪਤਨੀ



ਹਰਸਿਮਰਤ ਕੌਰ ਬਾਦਲ ਨਾਲ ਜੇਲ੍ਹ ਕੰਪਲੈਕਸ ਵਿੱਚਓਦੋਂ ਦੇ ਇਸ ਜੇਲ੍ਹ ਦੇਮੁੱਖ ਭਲਾਈ ਅਫ਼ਸਰ ਸੁੱਚਾ ਸਿੰਘ ਦੇ ਘਰ ਕੁਝ ਸਮਾਂ ਰੁਕੇ ਸਨ ਅਤੇ ਸੁੱਚਾ ਸਿੰਘ ਨੂੰ ਇਸ ਜੇਲ੍ਹ ਸੁਪਰਡੈਂਟ ਦਾ ਚਾਰਜ ਮਿਲਣ ਦੇ ਬਾਅਦ ਉਸ ਦੌਰੇ ਦੀਆਂ ਫੋਟੋ ਸਾਹਮਣੇ ਆ ਗਈਆਂ ਹਨ।

ਇਸ ਵਿਵਾਦ ਪਿੱਛੋਂਪਟਿਆਲਾ ਕੇਂਦਰੀ ਜੇਲ੍ਹ ਦੇ ਨਵੇਂ ਸੁਪਰਡੈਂਟ ਸੁੱਚਾ ਸਿੰਘ ਨੇ ਮੀਡੀਆ ਨੂੰ ਸਾਫ ਕਿਹਾ ਹੈ ਕਿ ਉਹ ਇਨਕਾਰ ਨਹੀਂ ਕਰਦੇ ਕਿ ਉਹ ਬਾਦਲ ਪਰਿਵਾਰ ਦੇ ਨੇੜੂ ਹਨ। ਉਨ੍ਹਾਂ ਦੱਸਿਆ ਕਿ '2003 ਵਿੱਚ ਉਹ ਇਸ ਜੇਲ੍ਹ ਵਿੱਚ ਤਾਇਨਾਤ ਸਨ ਤਾਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਏਥੇ ਹੀ ਬੰਦ ਰਹੇ ਸਨ ਤੇ ਇੱਕ ਅਫ਼ਸਰ ਵਜੋਂ ਕੈਦੀਆਂ ਦੇ ਨੇੜੇ ਹੋਣਾ ਵੱਡੀ ਗੱਲ ਨਹੀਂ, ਇਸ ਲਈ ਮੈਂ ਉਨ੍ਹਾਂ ਨੂੰ ਚਾਹ ਉਤੇ ਸੱਦਿਆ ਸੀ। ਮੈਂ ਕਿਸੇ ਵੀ ਪੁਰਾਣੇ ਬੰਦੀ ਨੂੰ ਚਾਹ ਲਈ ਬੁਲਾ ਸਕਦਾ ਹਾਂ।' ਉਨ੍ਹਾਂ ਕਿਹਾ ਕਿ ਮੈਂ ਕਦੇ ਪੋਸਟਿੰਗ ਕਰਨ ਲਈ ਨਹੀਂ ਕਿਹਾ ਤੇ ਜੇਲ੍ਹ ਵਿਭਾਗ ਦੇ ਮੁਖੀ ਨੇ ਮੇਰੇ ਸਾਫ਼-ਸੁਥਰੇ ਅਕਸ ਕਾਰਨ ਜ਼ਿੰਮੇਵਾਰੀ ਸੌਂਪੀ ਹੈ। ਦੂਸਰੇ ਪਾਸੇ ਪੰਜਾਬ ਦੇ ਜੇਲ੍ਹਾਂ ਬਾਰੇ ਐਡੀਸ਼ਨਲ ਡੀ ਜੀ ਪੀ, ਪੀਕੇ ਸਿਨਹਾ ਨੇ ਕਿਹਾ ਕਿ ਮੰਤਰੀ ਦੇ ਦਖ਼ਲ ਉੱਤੇ ਹੁਕਮ ਜਾਰੀ ਹੋਏ ਹਨ, ਮੇਰੇ ਕੋਲ ਕਹਿਣ ਲਈਕੁਝ ਨਹੀਂ।'

## ਸੁਪਰੀਮ ਕੋਰਟ ਵਿੱਚ ਪਟੀਸ਼ਨ: ਜੰਮੂ-ਕਸ਼ਮੀਰ ਵਿੱਚ ਹਿੰਦੂਆਂ-ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਪਛਾਣਨ ਲਈ ਐੱਸ ਆਈ ਟੀ ਬਣਾਉਣ ਦੀ ਮੰਗ



ਨਵੀਂ ਦਿੱਲੀ, 27 ਮਾਰਚ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਸਾਲ 1989-2003 ਦੌਰਾਨ ਹਿੰਦੂਆਂ ਤੇ ਸਿੱਖਾਂ ਦੇ ਕਤਲੇਆਮ ਵਾਲੇ ਦੋਸ਼ੀਆਂ ਦੀ ਪਛਾਣ ਕਰਨਲਈ ਇੱਕ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਬਣਾਉਣ ਦੀ ਮੰਗ ਲਈ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ।

ਇੱਕ ਗੈਰ ਸਰਕਾਰੀ ਸੰਗਠਨ 'ਵੀ ਦਿ ਸਿਟੀਜ਼ਨਜ਼' ਵੱਲੋਂ ਦਾਇਰ ਪਟੀਸ਼ਨ ਵਿੱਚ ਜੰਮੂ-ਕਸ਼ਮੀਰ ਵਿੱਚਕਤਲਾਂਵਿੱਚ ਮਾਰੇ ਗਏ ਜਾਂ ਬਚੇ ਹੋਏ ਹਿੰਦੂਆਂ ਅਤੇ ਸਿੱਖਾਂ ਦੀ ਜਨਗਣਨਾ ਕਰਾਉਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਹਨ।

ਪਟੀਸ਼ਨਰ ਨੇ ਕਸ਼ਮੀਰ ਤੋਂ ਆਏ ਪ੍ਰਵਾਸੀਆਂ ਦੀਆਂ ਕਿਤਾਬਾਂ, ਲੇਖ ਅਤੇ ਯਾਦਾਂ ਪੜ੍ਹ ਕੇ ਖੋਜ ਕਰਨ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਇਹ ਕਿਤਾਬਾਂ ਸਾਲ 1990 ਵਿੱਚ ਕਸ਼ਮੀਰੀ ਹਿੰਦੂਆਂ ਤੇ ਸਿੱਖਾਂ ਦੇ ਕਤਲੇਆਮ ਅਤੇ ਉਜਾੜੇ ਦਾ ਵੇਰਵਾ ਦਿੰਦੀਆਂ ਹਨ। ਐਡਵੋਕੇਟ ਵਰੁਣ ਕੁਮਾਰ ਸਿਨਹਾ ਰਾਹੀਂ ਦਾਇਰ ਅਰਜ਼ੀ ਵਿੱਚ ਦਲੀਲ ਦਿੱਤੀ ਗਈ ਹੈ ਕਿ ਓਦੋਂ ਦੀ ਸਰਕਾਰ ਤੇ ਪੁਲਿਸ ਦੀ ਨਾਕਾਮੀ ਅਤੇ ਸੰਵਿਧਾਨਕ ਮਸ਼ੀਨਰੀ ਦੀ ਪੂਰੀ ਤਰ੍ਹਾਂ ਟੁੱਟ-ਭੱਜ ਦਾ ਵਰਣਨ ਇਨ੍ਹਾਂ ਕਿਤਾਬਾਂ ਵਿੱਚ ਹੈ। ਓਦੋਂ ਦੀ ਸਰਕਾਰ ਤੇ ਪ੍ਰਸ਼ਾਸਨ ਨੇ ਹਿੰਦੂਆਂ-ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਨਹੀਂ ਕੀਤੀ ਤੇ ਅੱਤਵਾਦੀ ਅਤੇ ਸਮਾਜ ਵਿਰੋਧੀ ਅਨਸਰਾਂ ਨੇ ਕਸ਼ਮੀਰ ਉੱਤੇ ਕਬਜ਼ਾ ਕਰ ਲਿਆ ਹੈ।ਪਟੀਸ਼ਨ ਮੁਤਾਬਕ ਇਸ ਦੇ ਨਤੀਜੇ ਵਜੋਂ ਹਿੰਦੂਆਂ ਤੇ ਸਿੱਖਾਂ ਦਾ ਸਰਕਾਰ ਵਿੱਚ ਵਿਸ਼ਵਾਸ ਨਾ ਰਿਹਾ ਤਾਂ ਦੇਸ਼ ਦੇ ਦੂਸਰੇ ਹਿੱਸਿਆਂ ਨੂੰ ਪਰਵਾਸ ਲਈ ਮਜਬੂਰ ਹੋ ਗਏ ਸਨ।

## ਸਿੱਧੂ ਮੂਸੇਵਾਲਾ ਨੇ ਵਿਧਾਨ ਸਭਾ ਚੋਣਾਂ ਵਿੱਚ ਹਾਰ ਮਗਰੋਂ ਚੁੱਪ ਤੋੜੀ

### * ਭਗਵੰਤ ਮਾਨ ਬਾਰੇ ਵੀ ਚੋਭਵੀਂ ਟਿਪਣੀ ਕਰ ਛੱਡੀ

ਚੰਡੀਗੜ੍ਹ, 27 ਮਾਰਚ, (ਪੋਸਟ ਬਿਊਰੋ)- ਵਿਵਾਦਾਂ ਵਿੱਚ ਰਹਿਣ ਵਾਲੇ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਨੇ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਹਾਰ ਪਿੱਛੋਂ ਪਹਿਲੀ ਵਾਰ ਚੁੱਪ ਤੋੜੀ ਹੈ।

ਮਿਲੀ ਜਾਣਕਾਰੀ ਅਨੁਸਾਰ ਸਿੱਧੂ ਮੂਸੇਵਾਲਾ ਨੇ ਇੱਕ ਸ਼ੋਅ ਦੌਰਾਨ ਕਿਹਾ ਕਿ 'ਮੇਰੇ ਹਾਰਨ ਦਾ ਉਹ ਲੋਕ ਮਜ਼ਾਕ ਉਡਾ ਰਹੇ ਹਨ, ਜਿਹੜੇ ਅੱਜ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਪਰ 15 ਸਾਲ ਪਹਿਲਾਂ ਉਨ੍ਹਾਂ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਸੀ, ਮੈਨੂੰ ਤਾਂ 40 ਹਜ਼ਾਰ ਵੋਟਾਂ ਪਈਆਂ ਹਨ, ਮੇਰੀ ਜ਼ਮਾਨਤ ਜ਼ਬਤ ਨਹੀਂ ਹੋਈ।'ਮੂਸੇਵਾਲਾ ਨੇ ਕਿਹਾ ਕਿ ਇਹ ਕੁੰਭ ਦਾ ਮੇਲਾ ਨਹੀਂ। ਅਗਲੀ ਵਾਰ ਫਿਰ ਏਦਾਂ ਦੀ ਚੋਣ ਲੜਾਂਗਾ।

ਸਿੱਧੂ ਮੂਸੇਵਾਲਾ ਨੇ ਕਿਹਾ ਕਿ 'ਮੈਂ ਜਿੰਮੇਵਾਰੀ ਨਿਭਾਈ ਹੈ, ਡਟ ਕੇ ਰਹਾਂਗਾਅਤੇ ਮੈਂ ਪਿੰਡ ਵਾਸੀਆਂ ਨੂੰ ਕਿਹਾ ਹੈ ਕਿ ਜਿੱਥੇ ਕਿਤੇ ਜਿੱਤਣ ਵਾਲਾ ਹੱਥ ਖੜੇ ਕਰ ਜਾਵੇ, ਉੱਥੇ ਹਾਰਨ ਵਾਲੇ ਨੂੰ ਅਜ਼ਮਾ ਲਿਓ। ਮੈਂ 3 ਮਹੀਨੇ ਲੋਕਾਂ



ਵਿਚਕਾਰ ਰਿਹਾ। ਮੈਂ ਉਹੀ ਕੀਤਾ, ਜੋ ਮੈਨੂੰ ਸਹੀ ਲੱਗਾ। ਇਹ ਕਿਹੜਾ ਕੁੰਭ ਦਾ ਮੇਲਾ ਹੈ, ਅਗਲੀ ਵਾਰ ਫੇਰ ਲੜੂੰਗਾ। ਮੇਰੀ ਮਾਂ ਨੇ ਮੈਨੂੰ ਇੱਕ ਗੱਲ ਸਿਖਾਈ ਹੈ ਕਿ ਜੋ ਤੇਰੇ ਹੱਥ ਤੇ ਝੋਲੀ ਵਿੱਚ ਹੈ, ਉਹ ਲੋਕਾਂ ਕਰਕੇ ਹੈ।ਜਿੱਥੇ ਲੋਕਾਂ ਲਈ ਖੜੇ ਹੋਣ ਤੋਂ ਭੱਜ ਗਿਆ ਤਾਂ ਕਹਾਣੀ ਖਤਮ।'ਸਿੱਧੂਮੂਸੇਵਾਲਾ ਨੇ ਕਿਹਾ ਕਿ 'ਜੇ ਮੈਂ ਅੱਜ ਕਲਾਕਾਰ ਬਣ ਗਿਆ ਤਾਂ ਸੁਭਦੀਪ ਸਿੰਘ ਵਾਂਗ ਹਾਰ ਗਿਆ ਹਾਂ, ਮੈਂ ਸਿੱਧੂਮੂਸੇਵਾਲਾ ਬਣ ਗਿਆ ਹਾਂ। ਕੁਝ ਲੋਕ ਸੋਸ਼ਲ ਮੀਡੀਆ ਉੱਤੇ ਕਹਿੰਦੇ ਹਨ ਕਿ ਮੂਸੇਵਾਲਾ ਹਾਰ ਗਿਆ। ਰਜਾਈ ਵਿੱਚ ਬੈਠ ਕੇ ਆਖਦੇ ਹਨ, ਹਰਿਆ ਉਹੀ ਹੈ, ਜੋ ਖੜਾ ਹੈ।'

ਵਰਨਣ ਯੋਗ ਹੈ ਕਿ ਮਾਨਸਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਡਾਕਟਰ ਵਿਜੇ ਸਿੰਗਲਾ ਨੇ 63323 ਵੋਟਾਂ ਦੇ ਫਰਕ ਨਾਲ ਸਿੱਧੂਮੂਸੇਵਾਲਾ ਨੂੰ ਹਰਾਇਆ ਸੀ।ਡਾ: ਵਿਜੇ ਸਿੰਗਲਾ ਨੂੰ ਪੰਜਾਬ ਸਰਕਾਰ ਦਾ ਸਿਹਤ ਮੰਤਰੀ ਬਣਾ ਦਿੱਤਾ ਗਿਆ ਹੈ ਅਤੇ ਉਨ੍ਹਾ ਨੇ ਸ਼ਾਨਦਾਰ ਢੰਗ ਨਾਲ ਜਿੱਤ ਦਾ ਜਸ਼ਨ ਮਨਾਇਆ ਅਤੇਇਸ ਮੌਕੇ ਟਰੈਕਟਰ 5911, ਜੋ ਸਿੱਧੂਮੂਸੇਵਾਲਾ ਦੇ ਗੀਤਾਂ ਵਿੱਚ ਪ੍ਰਸਿੱਧ ਹੈ, ਨੂੰ ਇੱਕ ਹੋਰ ਟਰੈਕਟਰ ਨਾਲ ਉਲਟਾ ਖਿੱਚਿਆ ਗਿਆ ਸੀ।

## ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੀ ਜੇਲ੍ਹ ਤੋਂ ਆਈ ਚਿੱਠੀ ਨੇ ਚਰਚਾ ਛੇੜੀ

ਸਿਰਸਾ, 27 ਮਾਰਚ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਜੇਲ੍ਹ ਤੋਂ ਆਈ ਇੱਕ ਹੋਰ ਚਿੱਠੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ ਤੇ ਇਸ ਨਾਲ ਚਰਚਾ ਛਿੜ ਗਈ ਹੈ। ਪਤਾ ਲੱਗਾ ਹੈ ਕਿ ਬੀਤੇ ਸ਼ਨੀਵਾਰ 26 ਮਾਰਚ ਹਰਿਆਣਾ ਦੇ ਰੋਹਤਕ ਜ਼ਿਲੇ ਦੀ ਸੁਨਾਰੀਆ ਜੇਲ੍ਹ ਤੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਇਹ ਚਿੱਠੀਭੇਜੀ ਸੀ, ਜਿਸਵਿੱਚ ਆਪਣੀ ਫਰਲੋ ਬਾਰੇ ਵੀ ਦੱਸਿਆ ਹੈ।ਇਸਵਿੱਚਉਸ ਨੇ ਡੇਰੇਵਿੱਚ ਚੱਲਦੀ ਧੜੇਬੰਦੀ ਦੀਆਂ ਖਬਰਾਂ ਦਾ ਜਵਾਬ ਦੇਂਦਿਆਂ ਕਿਹਾ ਕਿ ਸਾਰੇ ਸੇਵਾਦਾਰ, ਐਡਮਿਨ ਬਲਾਕ, ਜਸਮੀਤ (ਰਾਮ ਰਹੀਮ ਦਾ ਪੁੱਤਰ), ਚਰਨਪ੍ਰੀਤ-ਅਮਰਪ੍ਰੀਤ (ਰਾਮ ਰਹੀਮ ਦੀਆਂ ਧੀਆਂ) ਅਤੇ ਹਨੀਪ੍ਰੀਤ (ਰਾਮ ਰਹੀਮ ਦੀ ਮੂੰਹ ਬੋਲੀ ਧੀ) ਸਾਰੇ ਸਾਡੇਕਹੇ ਦਾ ਪਾਲਣ ਕਰਦੇ ਹਨ। ਇਹ ਸਾਰੇ 4 ਲੋਕ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਾਨੂੰ ਛੱਡਣ ਆਏ ਸਨ। ਰਾਮ ਰਹੀਮ ਨੇ ਚਿੱਠੀਵਿੱਚ ਲਿਖਿਆ ਕਿ ਅਸੀਂ ਤੁਹਾਡੇ ਗੁਰੂ ਸੀ, ਅਸੀਂ ਤੁਹਾਡੇ ਗੁਰੂ ਹਾਂ ਤੇ ਅਸੀਂ ਹਮੇਸ਼ਾ ਗੁਰੂਰੂਪਵਿੱਚ ਪ੍ਰਚਾਰ ਕਰਦੇ ਰਹਾਂਗੇ। ਉਨ੍ਹਾ ਨੇਚਿੱਠੀਵਿੱਚ ਲਿਖਿਆ ਹੈ ਕਿ ਅਸੀਂ ਹਰ ਧਰਮ ਦਾ ਸਨਮਾਨ ਕਰਦੇ ਹਾਂ, ਬੇਅਦਬੀ ਜਾਂ ਬੁਰਾਈ ਤਾਂ ਦੂਰ ਦੀ ਗੱਲ, ਅਜਿਹੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।




## ਪੀਵੀ ਸਿੰਧੂ ਨੇ ਸਵਿਸ ਓਪਨ ਖ਼ਿਤਾਬ ਜਿੱਤਿਆ

ਬਾਸੇਲ, 27 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਟਾਪ ਰੈਂਕ ਦੀ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਸਵਿੱਸ ਓਪਨ ਬੈਡਮਿੰਟਨ ਸੁਪਰ 300 ਟੂਰਨਾਮੈਂਟ ਦੇ ਫਾਈਨਲ ਵਿਚ ਥਾਈਲੈਂਡ ਦੀ ਬੁਸਾਨਨ ਓਂਗਬਾਮਰੰਗਫਾਨ ਨੂੰ ਹਰਾ ਕੇ ਚਲੰਤ ਸੈਸ਼ਨ ਦਾ ਆਪਣਾ ਦੂਸਰਾ ਮਹਿਲਾ ਸਿੰਗਲਜ਼ ਖ਼ਿਤਾਬ ਜਿੱਤ ਲਿਆ ਹੈ।

ਇਸ ਟੂਰਨਾਮੈਂਟ ਵਿਚ ਆਪਣਾ ਲਗਾਤਾਰ ਦੂਸਰਾ ਫਾਈਨਲ ਖੇਡ ਰਹੀ ਦੋ ਵਾਰੀਆਂ ਦੀ ਓਲੰਪਿਕ ਮੈਡਲ ਜੇਤੂ ਪੀ ਵੀਸਿੰਧੂ ਨੇ ਏਥੇ ਸੇਂਟ ਜੈਕਬਸ਼ਾਲੇ ਵਿਚ ਚੌਥਾ ਦਰਜਾ ਖਿਡਾਰਨ ਨੂੰ 49 ਮਿੰਟ ਚੱਲੇ ਮੁਕਾਬਲੇ ਵਿੱਚ 21-16, 21-8 ਨਾਲ ਹਰਾ ਦਿੱਤਾ। ਬੁਸਾਨਨ ਦੇ ਖ਼ਿਲਾਫ਼ 17 ਮੈਚਾਂ ਵਿੱਚ ਇਹ ਸਿੰਧੂ ਦੀ 16ਵੀਂ ਜਿੱਤ ਹੈ। ਉਹ ਉਸ ਤੋਂ ਸਿਰਫ ਇਕ ਵਾਰ 2019 ਹਾਂਗਕਾਂਗ ਓਪਨ ਵਿੱਚ ਹਾਰੀ ਸੀ।ਇਸ ਸ਼ਹਿਰ ਨਾਲਸਿੰਧੂ ਦੀਆਂ ਚੰਗੀਆਂ ਯਾਦਾਂ ਜੁੜੀਆਂ ਹਨ। ਉਨ੍ਹਾਂ ਨੇ 2019 ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚ ਏਥੇ ਹੀ ਗੋਲਡ ਮੈਡਲ ਜਿੱਤਿਆ ਸੀ। ਦੂਸਰੇ ਪਾਸੇ ਭਾਰਤ ਦਾ ਪ੍ਰਣਯ ਅੱਜ ਇੰਡੋਨੇਸ਼ੀਆ ਦੇ ਜੋਨਾਥਨ ਕ੍ਰਿਸਟੀ ਦੀ ਚੁਣੌਤੀ ਅੱਗੇ ਹਾਰ ਗਿਆ ਹੈ। ਚੌਥਾ ਦਰਜਾ ਹਾਸਲ ਖਿਡਾਰੀ ਹੱਥੋਂ 48 ਮਿੰਟ ਚੱਲੇ ਮੁਕਾਬਲੇ ਵਿਚ 12-21, 18-21 ਨਾਲ ਪ੍ਰਣਯ ਹਾਰ ਗਿਆ।












# ਤੂੜੀ ਵਾਲਾ ਕੋਠਾ !



-ਹਰਮਨਪ੍ਰੀਤ ਸਿੰਘ-

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਜ਼ਾਰਾਂ 'ਚ ਲੱਕੜ ਜਾਂ ਕਿਹਾ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆ 'ਚ ਆਇਆ ਕਰਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆ ਨਾਲ 'ਜੋ ਤਕਰੀਬਨ ਦੋ-ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਤੇ ਚਾਰੇ ਪਾਸਿਓਂ ਇਕ ਲੋਹੇ ਦੀ ਪੱਤ੍ਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿਚ ਇਕ ਵੱਡਾ ਮੋਮੀ ਕਾਗਜ਼ ਹੁੰਦਾ ਸੀ ਜਿਸ ਵਿਚ ਖੁੱਲ੍ਹੀ ਚਾਹ ਪੱਤੀ ਹੁੰਦੀ ਤੇ ਉਤਲੇ ਪਾਸੇ ਇਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਗਾਈ ਹੁੰਦੀ ਸੀ।

ਖੈਰ ਅਸਲ ਗੱਲ ਕਹਾਣੀ 'ਤਾਂ ਉਨ੍ਹਾਂ ਭਲਿਆਂ ਵੇਲਿਆਂ 'ਚ ਔਖੇ-ਸੌਖੇ 'ਹੋ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਹੇ ਖਰਚੇ ਹੁੰਦੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਹੁੰਦਾ ਸੀ। ਪ੍ਰੰਤੂ ਇੱਥੇ 'ਚਾਹ ਪੱਤੀ ਵਾਲੀ ਪੇਟੀ' ਦਾ ਜ਼ਕਿਰ ਕਰਨਾ ਵੀ ਜ਼ਰੂਰੀ ਸੀ। ਸੋ ਹੁਣ ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲ਼ੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ 'ਚ ਘਰ ਪਾਲ਼ੇ ਕੱਟੇ, ਵੱਛੇ, ਮੱਝਾ, ਗਾਵਾਂ ਨਾਲ਼ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਤੇ ਨਾਲ ਹੀ ਉਨ੍ਹਾਂ ਦੇ ਕੱਖ-ਕੰਡੇ ਤੇ ਤੂੜੀ-ਤੰਦ ਦੀ ਸਾਂਭ-ਸੰਭਾਲ ਦਾ ਵੀ!

ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚਿਆਂ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਤਾਂ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ 'ਚ ਡੁੱਬ ਜਾਂਦਾ। ਪ੍ਰੰਤੂ ਉਹ ਆਪਣੀ ਫ਼ਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਸਿਰ ਪਈ ਸਮੱਸਿਆ ਦਾ ਹੱਲ ਲੱਭਣ 'ਚ ਜੁਟ ਜਾਂਦਾ। ਇਕ ਪਾਸੇ ਤਾਂ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨ-ਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦੀ ਫਸਲ ਦੀ ਸਾਂਭ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ-ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ-ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾ, ਗਾਵਾਂ ਦੇ ਨਾਲ਼ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ 'ਚ ਪੈਸੇ-ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੋਇਆ ਕਰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣਾ ਤੋਂ ਘੱਟ ਨਹੀਂ ਸੀ ਅਤੇ ਹੁਣ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ, ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ 'ਚ ਇਕਾ-ਦੁੱਕਾ ਖੇਤੀ ਦੇ ਸੰਦਾ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ ਲਿਆ ਜਾਂਦਾ ਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ 'ਚੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆ ਕੰਧਾਂ ਦੀ ਚਿਨਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇਟੱ ਪੂਰੀ -ਸੂਰੀ ਹੀ ਸੀ, ਸੋ ਜੋ ਟੋਟਾ, ਦੇਹਲੀ, ਅੱਧੀ ਪੋਣੀ ਇਟੱ ਸੀ ਸਾਰੀ ਕੰਧਾਂ ਦੀ ਚਿਨਾਈ 'ਚ ਲਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉੱਚੀਆਂ ਕਰ ਲਈਆਂ ਸਨ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਤਾਂ ਖੜ੍ਹਾ ਕਰ ਲਿਆ ਸੀ, ਪਰ ਕੋਠੇ ਦੀਆਂ ਕੰਧਾਂ 'ਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ 'ਤੇ ਪੂਰੇ-ਸੂਰੇ ਬਾਲਿਆ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਜ ਤਾਂ ਕੋਠੇ ਦੀਆ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਈਲ ਲਿਆਉਣ ਦੀ ਹਿੰਮਤ ਨਾ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਇੰਤਜ਼ਾਮ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ 'ਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ 'ਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ 'ਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬਸ, ਦਿਨ ਚੜ੍ਹਦੀ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਤੇ ਪੰਜ, ਸੱਤ ਪਰਚੂਨ ਦੀਆਂ ਹੱਟੀਆਂ ਤੋਂ ਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆ ਦਾ ਇੰਤਜ਼ਾਮ ਕਰ ਕੇ ਸ਼ਾਮਾਂ ਤੱਕ ਘਰ ਪਰਤ ਆਏ। ਅਗਲੇ ਦਿਨ ਅਸਾਂ ਤੂੜੀ ਵਾਲੇ ਕੋਠੇ ਦੇ ਬਾਲਿਆਂ ਤੇ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਖੋਲ ਉਨ੍ਹਾਂ ਦੀ ਕੱਚੀ-ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਹੀ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ 'ਚੋਂ ਨਿਕਲਿਆ ਮੋਮੀ ਕਾਗਜ ਉੱਤੇ ਵਿਛਾ ਦਿੱਤਾ। ਹੁਣ ਕੋਠੇ ਪ੍ਰਤੀ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ 'ਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਤੇ ਮੋਮੀ ਕਾਗਜ ਤੋਂ ਬਾਅਦ ਟੋਬੇ ਤੋਂ ਲਿਆਂਦੀ ਮਿੱਟੀ 'ਚ ਤੂੜੀ ਰਲਾ ਤੇ ਹੋਲੀ-ਹੋਲੀ ਬਾਲਿਆ, ਸ਼ਤੀਰਾਂ 'ਤੇ ਪੈਰ ਟਕਾ ਮਿੱਟੀ ਪਾਉਣ ਮਗਰੋਂ ਉੱਪਰ ਮਿੱਟੀ ਤੂੜੀ ਰਲਾ ਪੋਚ ਲਗਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠ ਤਿਆਰ ਹੋ ਗਿਆ।

ਫਿਰ ਅਸਾਂ ਉਹ ਇਕ ਦਰਵਾਜ਼ੇ 'ਤੇ ਇਕ ਛੋਟੀ ਜਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰ ਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ 'ਤੇ ਬਾਰਾਂ-ਤੇਰਾ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ 'ਚ ਕਦੀ ਚੋਇਆ। ਹਾਂ ਇਕ ਸਖ਼ਤ ਹਦਾਇਤ ਸੀ, ਸਭ ਨੂੰ ਕਿ ਤੂੜੀ ਵਾਲੇ ਕੋਠੇ ਦੇ ਉੱਤੇ ਕਿਸੇ ਚੜ੍ਹਨਾ ਨਹੀਂ!


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4



| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer Marketing:** | Aman Warraich<br>Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224




# ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756


# ਭਗਵੰਤ ਮਾਨ ਸਰਕਾਰ ਦੇ ਮੁੱਢਲੇ ਕਦਮ

ਜਦੋਂ ਵੀ ਕਿਸੇ ਰਾਜ ਵਿੱਚ ਕੋਈ ਨਵੀਂ ਸਰਕਾਰ ਬਣਦੀ ਹੈ, ਉਸ ਦੇ ਪਹਿਲੇ ਦਿਨੀਂ ਨਵੀਂ ਵਿਆਹੀ ਨੂੰਹ ਦੇ ਚਾਅ ਵਰਗਾ ਚਾਅ ਜਿਹਾ ਚੜ੍ਹਿਆ ਹੁੰਦਾ ਹੈ। ਕੁਝ ਦਿਨ ਲੰਘਣ ਪਿੱਛੋਂ ਹਕੀਕਤਾਂ ਦੇ ਦਰਸ਼ਨ ਹੁੰਦੇ ਹਨ। ਪੰਜਾਬ ਦੀ ਨਵੀਂ ਬਣੀ ਸਰਕਾਰ ਅਜੇ ਮੁੱਢਲੇ ਦਿਨਾਂ ਵਿੱਚ ਹੈ। ਇਹ ਲਿਖਤ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਦੇ ਖਟਕੜ ਕਲਾਂ ਵਿੱਚ ਹੋਏ ਸਹੁੰ ਚੁੱਕ ਸਮਾਗਮ ਦੇ ਗਿਆਰਵੇਂ ਦਿਨ ਲਿਖਣ ਵੇਲੇ ਦੋ ਕਿਸਮ ਦੇ ਪ੍ਰਭਾਵ ਹਨ। ਇੱਕ ਪ੍ਰਭਾਵ ਇਹ ਕਿ ਇਸ ਦੇ ਵਿਰੋਧੀਆਂ ਨੇ ਇਸ ਨੂੰ ਸਰਕਾਰੀ ਕੰਮ ਵੀ ਸੰਭਾਲਣ ਤੋਂ ਪਹਿਲਾਂ ਹੀ ਘੇਰਨਾ ਆਰੰਭ ਕਰ ਦਿੱਤਾ ਹੈ ਅਤੇ ਓਦੋਂ ਘੇਰਿਆ ਜਾਣ ਲੱਗਾ ਹੈ, ਜਦੋਂ ਅਜੇ ਮਸਾਂ ਅੱਧੀ ਦਰਜਨਅਫਸਰ ਇਸ ਨੇ ਬਦਲੇ ਹਨ, ਬਾਕੀ ਸਾਰੇ ਪਹਿਲੇ ਹਾਕਮਾਂ ਦੇ ਲਾਏ ਤੇ ਉਨ੍ਹਾਂ ਵਾਲੀ ਚਾਲ ਉੱਤੇ ਚੱਲਦੇ ਅਫਸਰਾਂ ਨਾਲ ਡੰਗ ਸਾਰਿਆ ਜਾ ਰਿਹਾ ਹੈ। ਦੂਸਰਾ ਪੱਖ ਇਹ ਕਿ ਹਰ ਪਾਸਿਉਂ ਚੁਣੌਤੀ ਮਿਲ ਰਹੀ ਹੈ ਕਿ ਇਸ ਪਾਰਟੀ ਨੇ ਕਿਹਾ ਸੀ ਕਿ ਫਲਾਣਾ ਕੰਮ ਸਹੁੰ ਚੁੱਕਦੇ ਸਾਰ ਕਰ ਦੇਵਾਂਗੇ ਤਾਂ ਫਿਰ ਇਹ ਕਰਦੇ ਕਿਉਂ ਨਹੀਂ, ਕਰਨ ਜੋਗੇ ਹੀ ਨਹੀਂ ਹਨ।ਇਹ ਗੱਲ ਇੱਕ ਸੀਨੀਅਰ ਭਾਜਪਾ ਆਗੂ ਨੇ ਵੀ ਕਹੀ ਹੈ ਤੇ ਕਾਂਗਰਸ ਦੇ ਇੱਕ ਆਗੂ ਨੇ ਵੀ ਇੰਜ ਕਹੀ ਹੈ, ਜਿਵੇਂ ਦੋਵਾਂ ਨੇ ਸਲਾਹ ਕਰ ਕੇ ਬਿਆਨ ਲਿਖਿਆ ਹੋਵੇ। ਉਨ੍ਹਾਂ ਨੂੰ ਇਹ ਲਿਖਣ ਦਾ ਵੀ ਹੱਕ ਹੈ ਤੇ ਕਹਿਣ ਦਾ ਵੀ, ਪਰ ਨਾ ਭਾਜਪਾ ਆਗੂ ਇਹ ਦੱਸੇਗਾ ਕਿ ਅੱਠ ਸਾਲ ਪਹਿਲਾਂ ਨਰਿੰਦਰ ਮੋਦੀ ਦੇ ਮੂੰਹੋਂ ਨਿਕਲੇ ਵਾਅਦੇ ਤੇ ਦਾਅਵੇ ਸਿਰਫ ਚੋਣ ਜੁਮਲੇ ਕਿਉਂ ਬਣ ਗਏ ਸਨ ਅਤੇ ਨਾ ਕਾਂਗਰਸ ਦਾ ਆਗੂ ਦੱਸੇਗਾ ਕਿ ਪੰਜ ਸਾਲ ਪਹਿਲਾਂ ਉਸ ਦੇ ਆਗੂ ਨੇ ਗੁਟਕਾ ਸਾਹਿਬ ਮੱਥੇ ਨੂੰ ਲਾ ਕੇ ਜਿਹੜਾ ਦਾਅਵਾ ਕੀਤਾ ਸੀ, ਉਸ ਦਾ ਕੀ ਬਣਿਆ? ਉਹ ਕਹਿੰਦੇ ਹਨ ਕਿ ਸਾਡੇ ਵਾਲੇ ਮਾੜੇ ਸਨ, ਏਸੇ ਲਈ ਹਾਰ ਗਏ, ਅੱਗੋਂ ਨਵੀਂ ਸਰਕਾਰ ਕੁਝ ਕਰ ਕੇ ਵਿਖਾਵੇ। ਇਹ ਗੱਲ ਉਹ ਠੀਕ ਕਹਿੰਦੇ ਹਨ, ਨਵੀਂ ਸਰਕਾਰ ਨੂੰ ਇਹ ਸਾਬਤ ਕਰਨਾ ਪੈਣਾ ਹੈ ਕਿ ਉਹ ਪਹਿਲੀਆਂ ਸਰਕਾਰਾਂ ਵਰਗੀ ਨਹੀਂ, ਪਰ ਸਾਬਤ ਕਰ ਸਕਣ ਲਈ ਕੁਝ ਵਕਤ ਵੀ ਤਾਂ ਦੇਣਾ ਪਵੇਗਾ, ਲੋਕ ਦੇਣ ਨੂੰ ਤਿਆਰ ਹਨ, ਵਿਰੋਧੀ ਧਿਰ ਦੇ ਆਗੂ ਤਿਆਰ ਨਹੀਂ।

ਵਿਰੋਧੀ ਧਿਰ ਦੇ ਆਗੂਆਂ ਵਿੱਚੋਂ ਕੌਣ ਕੀ ਕਹਿੰਦਾ ਹੈ, ਉਸ ਨੂੰ ਪਾਸੇ ਰੱਖਦੇ ਹੋਏ ਇਹ ਗੱਲ ਕਹੀ ਜਾ ਸਕਦੀ ਹੈ ਕਿ ਨਵੀਂ ਸਰਕਾਰ ਦੇ ਮੁੱਢਲੇ ਕਦਮਾਂ ਵਿੱਚੋਂ ਸਿਰਫ ਰਾਜ ਸਭਾ ਲਈ ਪੰਜ ਬੰਦੇ ਚੁਣਨ ਦੀ ਗੱਲ ਲੋਕਾਂ ਨੂੰ ਹਜ਼ਮ ਨਹੀਂ ਹੋ ਸਕੀ, ਬਾਕੀ ਲਗਭਗ ਸਭ ਗੱਲਾਂ ਵਿੱਚ ਇਸ ਸਰਕਾਰ ਦੇ ਕਦਮ ਲੋਕਾਂ ਨੇ ਸਲਾਹੇ ਹਨ। ਖਾਸ ਤੌਰ ਉੱਤੇ ਇਹ ਗੱਲ ਆਮ ਲੋਕਾਂ ਨੇ ਬਹੁਤ ਸਲਾਹੀ ਹੈ ਕਿ ਨਵੇਂ ਮੁੱਖ ਮੰਤਰੀ ਨੇ ਸਾਬਕਾ



ਵਿਧਾਇਕਾਂ ਦੀਆਂ ਹੱਦੋਂ ਬਾਹਰੀਆਂ ਪੈਨਸ਼ਨਾਂ ਨੂੰ ਕੁਹਾੜੇ ਵਾਲਾ ਟੱਕ ਲਾਇਆ ਹੈ।ਨਵੀਂ ਸਰਕਾਰ ਨੇ ਕਿਹਾ ਹੈ ਕਿ ਸਾਬਕਾ ਵਿਧਾਇਕਾਂ ਦੇ ਪੈਨਸ਼ਨਾਂ ਦੇ ਗਲਤ ਢੰਗ ਨਾਲ



ਜਤਿੰਦਰ ਪੰਨੂ

ਪੰਜਾਬ ਦਾ ਖਜ਼ਾਨਾ ਇੰਜ ਲੁਟਾਇਆ ਜਾਂਦਾ ਸੀ ਕਿ ਸਭ ਤੋਂ ਪੁਰਾਣੇ ਵਿਧਾਇਕ ਅਤੇ ਪੰਜ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਦੀ ਪੈਨਸ਼ਨ ਹਰ ਵਾਰੀ ਦੇ ਹਿਸਾਬ ਵਧੀ ਜਾਣ ਨਾਲ ਇਸ ਵੇਲੇਛੇ ਲੱਖ ਬਾਹਠ ਹਜ਼ਾਰ ਰੁਪਏ ਬਣਨੀ ਸੀ। ਇਸ ਨਵੇਂ ਕਦਮ ਦੇ ਵਿਰੋਧ ਵਿੱਚ ਇੱਕ ਸਾਬਕਾ ਮੰਤਰੀ ਨੇ ਸਾਨੂੰ ਇਹ ਵੇਰਵਾ ਭੇਜਿਆ ਹੈ ਕਿ ਦਿੱਲੀ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਓਥੇ ਵੀ ਹਰ ਵਾਰ ਦੇ ਹਿਸਾਬ ਵਿਧਾਇਕਾਂ ਦੀ ਪੈਨਸ਼ਨ ਵਧਦੀ ਹੈ। ਉਸ ਦਾ ਧੰਨਵਾਦੀ ਹੁੰਦੇ ਹੋਏ ਅਸੀਂ ਉਹ ਵੇਰਵਾ ਫੋਲਿਆ ਤਾਂ ਗੱਲ ਉਸ ਦੀ ਸੱਚੀ ਨਿਕਲੀ, ਪਰ ਇਹ ਅੱਧਾ ਸੱਚ ਸੀ ਤੇ ਸਾਰੇ ਜਾਣਦੇ ਹਨ ਕਿ ਅੱਧੇ ਸਿਰ ਦੀ ਪੀੜ ਵਾਂਗ ਅੱਧਾ ਸੱਚ ਵੀ ਕੋਰੇ ਝੂਠ ਤੋਂ ਮਾੜਾ ਹੁੰਦਾ ਹੈ। ਦਿੱਲੀ ਦੇ ਸਾਬਕਾ ਵਿਧਾਇਕਾਂ ਨੂੰ ਮਾਸਿਕ ਪੈਨਸ਼ਨ ਸਾਢੇ ਸੱਤ ਹਜ਼ਾਰ ਰੁਪਏ ਅਤੇ ਮੈਂਬਰੀ ਦੇ ਹਰ ਸਾਲ ਨਾਲ ਇੱਕ ਹਜ਼ਾਰ ਦੇ ਵਾਧੇ ਨਾਲ ਜੇ ਕੋਈ ਵੱਡੇ ਬਾਦਲ ਸਾਹਿਬ ਵਾਂਗ ਬਾਈ ਵਾਰੀਆਂ ਮਿਲਾ ਕੇ ਬਤਾਲੀ ਸਾਲ ਮੈਂਬਰ ਰਹੇ ਤਾਂ ਸਮੁੱਚੀ ਪੈਨਸ਼ਨ ਪੰਜਾਹ ਹਜ਼ਾਰ ਤੋਂ ਘੱਟ ਬਣੇਗੀ, ਵੱਡੇ ਬਾਦਲ ਦੀ ਅਜੋਕੇ ਹਿਸਾਬ ਦੀ ਪੈਨਸ਼ਨ ਦਾ ਬਾਰਵਾਂ ਹਿੱਸਾ ਵੀ ਨਹੀਂ ਬਣਨੀ। ਪੰਜਾਬ ਦੇ ਵਿਧਾਇਕਾਂ ਦੀ ਭੱਤਿਆਂ ਸਮੇਤ ਪੈਨਸ਼ਨ ਸ਼ੁਰੂ ਹੀ ਪੌਣਾ ਕੁ ਲੱਖ ਟੱਪ ਕੇ ਹੁੰਦੀ ਹੈ। ਇਹ ਨਿਯਮਵੀ ਦਿੱਲੀ ਵਿੱਚ ਅਜੋਕੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਹੀਂ ਬਣਾਏ, ਪਿਛਲੀ ਕਾਂਗਰਸ ਸਰਕਾਰ ਨੇ ਗਿਆਰਾਂ ਸਾਲ ਪਹਿਲਾਂ ਬਣਾਏ ਸਨ ਤੇ ਪਿਛਲੇ ਸਾਲ ਜਦੋਂ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਵਧੀ ਮਹਿੰਗਾਈ ਵੇਖ ਕੇ ਸੋਧਣੇ ਚਾਹੇ ਸਨ ਤਾਂ ਕੇਂਦਰ ਸਰਕਾਰ ਨੇ ਅੜਿੱਕਾ ਪਾ ਦਿੱਤਾ ਸੀ। ਫਿਰ ਵੀ ਕੇਜਰੀਵਾਲ ਸਰਕਾਰ ਨੇ ਸਾਬਕਾ ਵਿਧਾਇਕਾਂ ਨੂੰ ਛੱਡੋ, ਮੌਜੂਦਾ ਵਿਧਾਇਕਾਂ ਲਈ ਤਨਖਾਹਾਂ ਸਮੇਤ ਜਿੰਨੀ ਕੁੱਲ ਰਕਮ ਪਾਸ ਕਰਨ ਦਾ ਪਿਛਲੇ ਸਾਲ ਇਰਾਦਾ ਬਣਾਇਆ ਸੀ, ਉਸ ਦੀ ਬਹੁਤ ਚਰਚਾ ਚੱਲੀ ਸੀ।

ਸਾਡੇ ਕੋਲ ਪਿਛਲੇ ਸਾਲ 2021 ਦੇ ਤਿੰਨ ਅਗਸਤ ਨੂੰ ਛਪੀ ‘ਟਾਈਮਜ਼ ਨਾਉ ਡਿਜੀਟਲ’ ਦੀ ਰਿਪੋਰਟ ਹੈ ਤੇ ਸਭ ਨੂੰ ਪਤਾ ਹੈ ਕਿ ‘ਟਾਈਮਜ਼ ਨਾਉ’ ਕਿਸੇ ਦਾ ਵੀ ਹੋਵੇ, ਆਮ ਆਦਮੀ ਪਾਰਟੀ ਦਾ ਸਮੱਰਥਕ ਚੈਨਲ ਉਹ ਬਿਲਕੁਲ ਨਹੀਂ ਕਿਹਾ ਜਾ ਸਕਦਾ। ਇਸ ਰਿਪੋਰਟ ਵਿੱਚ ਲਿਖਿਆ ਹੈ ਕਿ ਕਿਹੜੇ ਰਾਜ ਵਿੱਚ ਵਿਧਾਨ ਸਭਾ ਮੈਂਬਰਾਂ ਨੂੰ ਕੀ ਮਿਲਦਾ ਹੈ ਤੇ ਇਸ ਰਿਪੋਰਟ ਨੂੰ ਪੜ੍ਹਨ ਲੱਗਾ ਬੰਦਾ ਹੈਰਾਨ ਹੋ ਜਾਂਦਾ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਧ ਤਨਖਾਹ ਤੇਲੰਗਾਨਾਵਿਚਲੇ ਵਿਧਾਇਕਾਂ ਨੂੰ ਢਾਈ ਲੱਖ ਰੁਪਏ ਮਿਲਦੀ ਹੈ ਅਤੇ ਦੂਸਰੇ ਨੰਬਰ ਉੱਤੇ ਭਾਜਪਾ ਦੀ ਸਰਕਾਰ ਵਾਲੇ ਉੱਤਰਾ ਖੰਡ ਵਿਚਲੇ ਵਿਧਾਇਕਾਂ ਦੀ ਕੁੱਲ ਤਨਖਾਹ ਇੱਕ ਲੱਖ ਅਠਾਨਵੇਂ ਹਜ਼ਾਰ ਰੁਪਏ ਮਿਲ ਰਹੀ ਹੈ। ਤੀਸਰੇ ਹਿਮਾਚਲ ਪ੍ਰਦੇਸ਼ ਦੀ ਭਾਜਪਾ ਸਰਕਾਰ ਕੁੱਲ ਇੱਕ ਲੱਖ ਨੱਬੇ ਹਜ਼ਾਰ ਅਤੇ ਚੌਥੀ ਹਰਿਆਣਾ ਦੀ ਭਾਜਪਾ ਸਰਕਾਰ ਇੱਕ ਲੱਖ ਪਚਵੰਜਾ ਹਜ਼ਾਰ ਦੇਂਦੀ ਹੈ। ਪੰਜਵਾਂ ਨੰਬਰ ਰਾਜਸਥਾਨ ਦੀ ਕਾਂਗਰਸ ਸਰਕਾਰ ਦਾ ਹੈ, ਜਿੱਥੇ ਇੱਕ ਲੱਖ ਸਾਢੇ ਬਤਾਲੀ ਹਜ਼ਾਰ ਤੇ ਛੇਵਾਂ ਕਮਜ਼ੋਰੀ ਦੇ ਮਾਰੇ ਬਿਹਾਰ ਦਾ ਹੈ, ਜਿੱਥੇ ਭਾਜਪਾ ਤੇ ਨਿਤੀਸ਼ ਕੁਮਾਰ ਦੀ ਸਰਕਾਰ ਕੁੱਲ ਇੱਕ ਲੱਖ ਤੀਹ ਹਜ਼ਾਰ ਦੇਂਦੀ ਹੈ, ਜਦ ਕਿ ਦਿੱਲੀ ਦੀ ਸਰਕਾਰ ਨੇ ਪਿਛਲੇ ਸਾਲ ਜਿਹੜੀ ਤਨਖਾਹ ਵਧਾਉਣੀ ਸੀ, ਉਹ ਲਾਗੂ ਹੋ ਜਾਂਦੀ ਤਾਂ ਉਹ ਦਸਵੇਂ ਥਾਂ ਆਪਣੇ ਵਿਧਾਇਕਾਂ ਨੂੰ ਕੁੱਲ ਨੱਬੇ ਹਜ਼ਾਰ ਰੁਪਏ ਹਰ ਮਹੀਨੇ ਦੇਣਾ ਚਾਹੁੰਦੀ ਸੀ। ਹੈਰਾਨੀ ਵਾਲੀ ਗੱਲ ਹੈ ਕਿਵਿਧਾਇਕਾਂ ਨੂੰ ਵੱਧ ਤਨਖਾਹ ਦੇਣ ਵਾਲੇ ਉਤਲੇ ਦਸ ਵੱਧ ਰਾਜਾਂ ਵਿੱਚੋਂ ਛੇ ਭਾਜਪਾ ਦੇ ਹਨ, ਪਰ ਮਾੜਾ ਕੇਜਰੀਵਾਲ ਹੈ!

ਗੱਲਾਂ ਵਿੱਚੋਂ ਗੱਲ ਚੱਲ ਪੈਣ ਵਾਂਗ ਦਿੱਲੀ ਤੇ ਭਾਜਪਾ ਦੇ ਮੁਕਾਬਲੇ ਵੱਲ ਮੁੜੀ ਇਹ ਗੱਲ ਮੋੜ ਕੇ ਪੰਜਾਬ ਵੱਲ ਝਾਕੀਏ ਤਾਂ ਏਥੇ ਇਸ ਵਕਤ ਖਜ਼ਾਨੇ ਦਾ ਬੁਰਾ ਹਾਲ ਹੈ। ਪੰਜ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਵਾਗ ਸੰਭਾਲਣ ਵੇਲੇ ਸੁਣਿਆ ਸੀ ਕਿ ਅਕਾਲੀ-ਭਾਜਪਾ ਦੀ ਪਿਛਲੀ ਸਰਕਾਰ ਆਖਰੀ ਛਿਮਾਹੀ ਦੌਰਾਨ ਕੇਂਦਰ ਸਰਕਾਰ ਤੋਂ ਇਕੱਤੀ ਹਜ਼ਾਰ ਕਰੋੜ ਰੁਪਏ ਮਨਜ਼ੂਰ ਕਰਵਾ ਕੇ ਲਿਆਈ ਸੀ, ਪਰ ਇਹ ਪਤਾ ਨਹੀਂ ਲੱਗਦਾ ਕਿ ਉਹ ਪੈਸੇ ਗਏ ਕਿੱਥੇ ਹਨ ਤੇ ਇਸ ਦੀ ਜਾਂਚ ਕਰਵਾਉਣੀ ਹੈ। ਇਕੱਤੀ ਹਜ਼ਾਰ ਕਰੋੜ ਰੁਪਏ ਛੋਟੀ ਰਕਮ ਨਹੀਂ ਸੀ ਕਿ ਭੁੱਲ ਜਾਵੇ, ਪਰ ਕੈਪਟਨ ਦੀ ਸਰਕਾਰ ਨੇ ਬਾਅਦ ਵਿੱਚ ਇਸ ਬਾਰੇ ਚੁੱਪ ਵੱਟ ਲਈ ਅਤੇ ਸਾਢੇ ਚਾਰ ਸਾਲਾਂ ਬਾਅਦ ਚਰਚਾ ਇਹ ਚੱਲੀ ਕਿ ਇਸ ਇਕੱਤੀ ਹਜ਼ਾਰ ਦੇ ਨੌਂਗੇ ਪਾਉਣ ਦਾ ਏਟੀ-ਟਵੰਟੀ ਵਰਗਾ ਸੌਦਾ ਹੋ ਗਿਆ ਸੀ। ਅਜੋਕੀ ਸਰਕਾਰ ਕੋਲ ਨਾ ਖਜ਼ਾਨੇ ਵਿੱਚ ਕੁਝ ਲੱਭਦਾ ਹੈ ਤੇ ਨਾ ਉਸ ਦਾ ਰਿਵਾਇਤੀ ਪਾਰਟੀਆਂ ਵਿੱਚੋਂ ਕਿਸੇ ਨਾਲ ਕੋਈ ਸੌਦਾ ਹੀ ਵੱਜਣ ਦੀ ਕਨਸੋਅ ਜਾਂ ਸੰਭਾਵਨਾ ਦਿੱਸਦੀ ਹੈ। ਏਦਾਂ ਦੇ ਹਾਲਾਤ ਵਿੱਚ ਮੁੱਖ ਮੰਤਰੀ ਨੂੰ ਅੱਕੀਂ-ਪਲਾਹੀਂ ਹੱਥ ਮਾਰ ਕੇ ਸਰਕਾਰ ਚਲਾਉਣ ਲਈ ਕਈ ਜੁਗਾੜ ਕਰਨੇ ਪੈਣੇ ਹਨ ਅਤੇ ਦੇਸ਼ ਦੇ ਉਸ ਪ੍ਰਧਾਨ ਮੰਤਰੀ ਤੋਂ ਵੀ ਪੈਕੇਜ ਮੰਗਣ ਦਾ ਅੱਕ ਚੱਬਣਾ ਪੈਣਾ ਹੈ, ਜਿਸ ਨਾਲ ਸੰਬੰਧ ਚੰਗੇ ਨਹੀਂ ਸੁਣੀਂਦੇ। ਇਸ ਕਰ ਕੇ ਅਸੀਂ ਆਮ ਲੋਕਾਂ ਵਾਂਗ ਇਸ ਸਰਕਾਰ ਦੇ ਮੁੱਢਲੇ ਕਦਮਾਂ ਵੱਲ ਵੇਖਾਂਗੇ ਵੀ ਅਤੇ ਇਸ ਨੂੰ ਕੁਝ ਕਰਨ ਦਾ ਮੌਕਾ ਵੀ ਦੇਵਾਂਗੇ, ਜੇ ਨਾ ਕਰੇਗੀ ਤਾਂ ਇਸ ਨੂੰ ਮਿਲਿਆ ਪੰਜ ਸਾਲਾਂ ਦਾ ਸਮਾਂ ਸਿਰਫ ਪੰਜ ਸਾਲ ਨਹੀਂ ਹੁੰਦਾ, ਉਸ ਦੇ ਦੋ ਸੌ ਸੱਠ ਹਫਤੇ ਹੋਣਗੇ, ਜਿਨ੍ਹਾਂ ਵਿੱਚ ਅਸੀਂ ਲੋਕਾਂ ਅੱਗੇ ਇਸ ਸਰਕਾਰ ਦਾ ਚੰਗ-ਮਾੜ ਵੀ ਰੱਖਦੇ ਰਹਾਂਗੇ।ਸਰਕਾਰ ਕਿਸੇ ਦੀ ਵੀ ਹੋਵੇ, ਕੋਈ ਲਿਹਾਜ਼ ਨਹੀਂ ਕਰਾਂਗੇ।

# ਹਿੰਦੁਸਤਾਨੀ ਲੋਕਾਂ ਨੂੰ ਕੈਨੇਡਾ ਵਿਚ ਵੋਟ ਦਾ ਹੱਕ ਮਿਲਣ ਦੀ ਪਝੱਤਰਵੀਂ ਵਰ੍ਹੇਗੰਢ

ਹਿੰਦੁਸਤਾਨੀ ਇਮੀਗਰੈਂਟ 1903-04 ਵਿਚ ਕਨੇਡਾ ‘ਚ ਆਉਣ ਲੱਗੇ ਸਨ। ਇੱਥੇ ਤਿੰਨ ਸਾਲ ਰਹਿਣ ਬਾਅਦ ਉਨ੍ਹਾਂ ਨੂੰ ਵੋਟ ਦਾ ਹੱਕ ਮਿਲ਼ ਜਾਣਾ ਸੀ। ਪਰ ਬਰਿਟਸ਼ ਕੋਲੀਬੀਆ ਸੂਬੇ ਦੀ ਕਨਜ਼ਰਵੇਟਿਵ ਸਰਕਾਰ ਨੇ 27 ਮਾਰਚ, 1907 ਨੂੰ ਕਾਨੂੰਨ ਬਣਾ ਕੇ ਹਿੰਦੁਸਤਾਨੀਆ ਤੋਂ ਬੀ.ਸੀ. ਵਿਚ ਵੋਟ ਦਾ ਹੱਕ ਖੋਹ ਲਿਆ। ਹਿੰਦੁਸਤਾਨੀਆਂ ਤੋਂ ਵੋਟ ਦਾ ਹੱਕ ਖੋਹਣ ਲਈ ਵਿਰੋਧੀ ਧਿਰ ਲਿਬਰਲ ਪਾਰਟੀ ਨੇ ਸਰਕਾਰ ਨੂੰ ਪੂਰਾ ਸਹਿਯੋਗ ਦਿੱਤਾ। ਉਦੋਂ ਡੋਮੀਨੀਅਨ (ਫੈਡਰਲ) ਇਲੈਕਸ਼ਨ ਲਈ ਵੋਟਰਾਂ ਦੀ ਉਹ ਹੀ ਲਿਸਟ ਵਰਤੀ ਜਾਂਦੀ ਸੀ ਜੋ ਬੀ. ਸੀ. ਦੀ ਇਲੈਕਸ਼ਨ ਵੇ਼ਲੇ ਵਰਤੀ ਜਾਂਦੀ ਸੀ। ਮਤਲਬ ਇਹ ਕਿ ਜਿਸ ਬੰਦੇ ਦਾ ਨਾਂ ਬਰਿਟਸ਼ ਕੋਲੰਬੀਆ ਸੂਬੇ ਦੀ ਵੋਟਰ ਲਿਸਟ ਵਿਚ ਨਹੀਂ ਸੀ ਹੁੰਦਾ ਉਹ ਡੋਮੀਨੀਅਨ ਇਲੈਕਸ਼ਨ ਵਿਚ ਵੀ ਵੋਟ ਨਹੀਂ ਸੀ ਪਾ ਸਕਦਾ। ਉਦੋਂ ਤਕਰੀਬਨ ਸਾਰੇ ਦੇ ਸਾਰੇ ਹਿੰਦੁਸਤਾਨੀ ਬੀ.ਸੀ. ਵਿਚ ਹੀ ਰਹਿੰਦੇ ਸਨ। ਇਸ ਲਈ ਬੀ.ਸੀ ਦੀ ਸਰਕਾਰ ਵੱਲੋਂ ਹਿੰਦੋਸਤਾਨੀਆ ਤੋਂ ਵੋਟ ਦਾ ਹੱਕ ਖੋਹੇ ਜਾਣ ਦਾ ਮਤਲਬ ਸੀ ਕਿ ਉਹ ਸਿਰਫ ਬੀ.ਸੀ ਵਿਚ ਹੀ ਨਹੀਂ ਸਗੋਂ ਡੋਮੀਨੀਅਨ ਇਲੈਕਸ਼ਨ ਵਿਚ ਵੀ ਵੋਟ ਨਹੀਂ ਸੀ ਪਾ ਸਕਦੇ।

ਹਿੰਦੋਸਤਾਨੀਆ ਤੋਂ ਵੋਟ ਦਾ ਹੱਕ ਕਿਉਂ ਖੋਹਿਆ ਗਿਆ ਸੀ? ਇਸ ਦੇ ਨਸਲਵਾਦ ਆਦਿ ਕਈ ਕਾਰਨ ਸਨ। ਪਰ ਬਰਿਟਸ਼ ਇੰਡੀਅਨ ਗਵਰਨਮਿੰਟ ਦੇ ਕਨੇਡਾ ਵਿਚ ਜਸੂਸ ਵਿਲੀਅਮ ਹਾਪਕਿਨਸਨ ਮੁਤਾਬਕ ਮੁਖ ਕਾਰਨ ਸਿਆਸੀ ਸੀ। ਹਾਪਕਿਨਸਨ ਅਨੁਸਾਰ ਜੇ ਹਿੰਦੋਸਤਾਨੀਆ ਨੂੰ ਕਨੇਡਾ ਵਿਚ ਵੋਟ ਦਾ ਹੱਕ ਦੇ ਦਿੱਤਾ ਜਾਂਦਾ ਤਾਂ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾ਼ਲੇ ਦੇਸ਼ਭਗਤ ਲੀਡਰ ਆਖ ਸਕਦੇ ਸਨ ਕਿ ਹਿੰਦੋਸਤਾਨੀਆ ਨੂੰ ਬਦੇਸ਼ਾਂ ਵਿਚ ਤੇ ਵੋਟ ਦਾ ਹੱਕ ਹੈ ਪਰ ਉਨ੍ਹਾਂ ਦੇ ਆਪਣੇ ਮੁਲਕ ਵਿਚ ਨਹੀ। ਇਸ ਗੱਲ ਨਾ਼ਲ ਬਰਿਟਸ਼ ਸਰਕਾਰ ਕਸੂਤੀ ਸਥਿਤੀ ਵਿਚ ਫਸ ਸਕਦੀ ਸੀ। ਤੇ ਕਨੇਡਾ ਵਾ਼ਲੇ ਬਰਿਟਸ਼ ਸਰਕਾਰ ਨੂੰ ਕਸੂਤੀ ਸਥਿਤੀ ‘ਚ ਫਸਣੋਂ ਬਚਾਉਣਾ ਆਪਣਾ ਫਰਜ਼ ਸਮਝਦੇ ਸਨ।

ਵੋਟ ਦਾ ਹੱਕ ਖੋਹੇ ਜਾਣ ਦੇ ਹਿੰਦੋਸਤਾਨੀ ਕਮਿਊਨਿਟੀ ਉੱਤੇ ਬੜੇ ਭੈੜੇ ਪ੍ਰਭਾਵ ਪਏ ਸਨ। ਵੋਟ ਦਾ ਹੱਕ



ਇੰਗਲੈਂਡ ਵਿਚ ਔਰਤਾਂ ਲਈ ਵੋਟ ਦੇ ਹੱਕ ਵਾਸਤੇ ਸੰਘਰਸ਼ ਕਰਨ ਵਾ਼ਲੀ, ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ, ਸੋਫੀਆ ਦਲੀਪ ਸਿੰਘ।

ਨਾ ਹੋਣ ਕਾਰਨ ਉਹ ਸਿਆਸਤ ਵਿਚ ਹਿੱਸਾ ਨਹੀਂ ਸੀ ਲੈ ਸਕਦੇ। ਨਾ ਉਹ ਐੱਮ. ਐੱਲ,ਏ. ਦੀ ਚੋਣ ਲੜ ਸਕਦੇ ਸਨ ਨਾਂ ਹੀ ਐੱਮ.ਪੀ. ਦੀ। ਉਹ ਵਕੀਲ, ਫਾਰਮੇਸਿਸਟ, ਜਿਊਰੀ ਦੇ ਮੈਂਬਰ ਜਾਂ ਸਕੂਲ ਬੋਰਡ ਦੇ ਟਰੱਸਟੀ ਆਦਿ ਵੀ ਨਹੀਂ ਸੀ ਬਣ ਸਕਦੇ। ਇਸ ਤਰ੍ਹਾਂ ਦੀਆਂ ਛੱਬੀ ਪਾਬੰਦੀਆਂ ਸਨ ਉਨ੍ਹਾਂ ਉੱਤੇ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਹਿੰਦੁਸਤਾਨੀਆ ਨੂੰ ਕਨੇਡਾ ਵਿਚ ਆਪਣੇ ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਮਿ਼ਲ ਗਈ ਸੀ। ਪਰ ਹਿੰਦੁਸਤਾਨੀ ਆਪਣੇ ਬੱਚਿਆਂ ਨੂੰ ਯੂਨੀਵਰਸਿਟੀ ਵਿਚ ਨਹੀਂ ਸੀ ਪੜ੍ਹਾਉਂਦੇ, ਬਾਰਾਂ ਜਮਾਤਾਂ ਕਰਵਾ ਕੇ ਹਟਾ ਲੈਂਦੇ ਸਨ। ਪਤਾ ਸੀ ਕਿ ਨੌਕਰੀ ਤਾਂ ਕੋਈ ਮਿ਼ਲਨੀ ਨਹੀਂ ਸੀ, ਮਿੱਲ ਵਿਚ ਫੱਟੇ ਹੀ ਖਿੱਚਣੇ ਸਨ (ਹਜ਼ਾਰਾ ਸਿੰਘ ਗਰਚਾ ਨੇ ਯੂ.ਬੀ.ਸੀ. ਤੋਂ ਐੱਮ.ਐੱਸ.ਸੀ. ਕੀਤੀ ਹੋਈ ਸੀ। ਪਰ ਸਾਰੀ ਉਮਰ ਫੱਟੇ ਹੀ ਖਿੱਚੇ ਸਨ ਉਹਨੇ)। ਵੋਟ ਦਾ ਹੱਕ ਨਾ ਹੋਣ ਕਾਰਨ ਹਿੰਦੋਸਤਾਨੀਆ ਦੀ ਕਿਸੇ ਵੀ ਸਿਆਸਤਦਾਨ ਨੂੰ ਲੋੜ ਨਹੀਂ ਸੀ। ਡੈਮੋਕ੍ਰੈਟਿਕ ਕਨੇਡਾ ਵਿਚ ਸੂਬਾਈ ਜਾਂ ਡੋਮੀਨੀਅਨ ਪੱਧਰ ‘ਤੇ ਬਣਨ ਵਾ਼ਲੇ ਕਾਨੂੰਨਾਂ ‘ਤੇ ਉਹ ਕਿਸੇ ਤਰਾਂ ਦਾ ਪ੍ਰਭਾਵ ਨਹੀਂ ਸੀ ਪਾ ਸਕਦੇ।

ਹਿੰਦੋਸਤਾਨੀ ਇਮੀਗ੍ਰੈਂਟਾਂ ਨੇ ਉਨ੍ਹਾਂ ਤੋਂ ਵੋਟ ਦਾ ਹੱਕ ਖੋਹੇ ਜਾਣ ਵਿਰੁੱਧ ਆਵਾਜ਼ ਉਠਾਉਣੀ ਤਾਂ ਉਦੋਂ ਹੀ ਸ਼ੁਰੂ ਕਰ ਦਿੱਤੀ ਸੀ। ਕਮਿਊਨਿਟੀ ਲੀਡਰ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸੋਫੀਆ ਦਲੀਪ ਸਿੰਘ ਦੀ ਮਿਸਾਲ ਦਿਆ ਕਰਦੇ ਸਨ ਜੋ ਉਸ ਸਮੇਂ ਬਰਤਾਨੀਆ ਵਿਚ ਔਰਤਾਂ ਲਈ ਵੋਟ ਦੇ ਹੱਕ ਵਾਸਤੇ ਸੰਘਰਸ਼ ਕਰ ਰਹੀ ਸੀ। ਕਨੇਡਾ ਦੇ ਹਿੰਦੋਸਤਾਨੀਆ ਨੇ ਵੋਟ ਦੇ ਹੱਕ ਲਈ ਚਾ਼ਲੀ ਸਾਲ ਸੰਘਰਸ਼ ਕੀਤਾ ਸੀ। ਪਰ ਚਾ਼ਲੀ ਸਾਲ ਚੱਲੇ ਇਸ ਸੰਘਰਸ਼ ਦੀ ਸਿਖਰ 1942 ਤੋਂ 1947 ਤੱਕ ਸੀ। ਇਸ ਅਹਿਮ ਸਮੇਂ ਵੋਟ ਦੇ ਹੱਕ ਲਈ ਕੀਤੇ ਜਾ ਰਹੇ ਇਸ ਸੰਘਰਸ਼ ਦੀ ਅਗਵਾਈ ‘ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ’ ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ (ਚੂਹੜਚੱਕ), ਦਰਸ਼ਨ ਸਿੰਘ ‘ਕਨੇਡੀਅਨ’ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤੀ। ਦਰਸ਼ਨ ਸਿੰਘ ‘ਕਨੇਡੀਅਨ’ ਟਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਸਨ। ਬੀ.ਸੀ. ਵਿਚ ਲੱਕੜ ਮਿਲਾਂ ਦੇ ਕਾਮਿਆਂ ਦੀ ਯੂਨੀਅਨ ‘ਆਈ. ਡਬਲਊ. ਏ.’ ਸੰਗਠਤ ਕਰਨ ਵਿਚ ਉਨ੍ਹਾਂ ਅਹਿਮ ਰੋਲ ਨਿਭਾਇਆ ਸੀ। ਖੱਬੀ ਸੋਚ ਵਾਲੇ ਲੋਕਾਂ ਵਿਚ ਦਰਸ਼ਨ ਸਿੰਘ ਦਾ ਬਹੁਤ ਸਤਿਕਾਰ ਸੀ। ਦਰਸ਼ਨ ਸਿੰਘ ਦੀ ਬਦੌਲਤ ‘ਟਰੇਡ ਯੂਨੀਅਨ ਮੂਵਮੈਂਟ’ ਅਤੇ ਖੱਬੀ ਸੋਚ ਰੱਖਣ ਵਾਲੀ ਪਾਰਟੀ ‘ਸੀ.ਸੀ.ਐੱਫ.’(ਕੋਂਓਪ੍ਰੇਟਿਵ ਕਾਮਨਵੈੱਲਥ ਫੈਡਰੇਸ਼ਨ) ਇਸ ਸੰਘਰਸ਼ ਵਿਚ ਹਿੰਦੁਸਤਾਨੀਆ ਦੇ ਹੱਕ ਵਿਚ ਖੜ੍ਹੀਆਂ।

ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ ਵੋਟ ਦੇ ਹੱਕ ਲਈ ਹਿੰਦੋਸਤਾਨੀ ਕਮਿਉਨਿਟੀ ਦਾ ਇਕ ਡੈਲੀਗੇਸ਼ਨ ਲੈ ਕੇ ਮਾਰਚ, 1943 ਵਿਚ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਗਏ। ਉੱਥੇ ਉਹ ਬੀ.ਸੀ. ਦੇ ਪ੍ਰੀਮੀਅਰ (ਮੁੱਖ ਮੰਤਰੀ) ਜਾਹਨ ਹਾਰਟ ਨੂੰ ਮਿਲ਼ੇ। ਇਸ ਡੈਲੀਗੇਸ਼ਨ ਵਿਚ ਨਗਿੰਦਰ ਸਿੰਘ ਗਿੱਲ ਦੇ ਨਾ਼ਲ ਦਰਸ਼ਨ ਸਿੰਘ ਕਨੇਡੀਅਨ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਪਰਧਾਨ ਦੀਦਾਰ ਸਿੰਘ, ਲੱਕੜ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ ‘ਆਈ.ਡਬਲਿਊ.ਏ.’ ਦਾ ਵੱਡਾ ਲੀਡਰ ਹੈਰਲਡ ਪ੍ਰਿਚਟ ਅਤੇ ਹੋਰ ਕਈ ਬੰਦੇ ਸ਼ਾਮਲ ਸਨ। ਇਸ ਡੈਲੀਗੇਸ਼ਨ ਨੇ ਪ੍ਰੀਮੀਅਰ ਜਾਹਨ ਹਾਰਟ ਨਾਲ ਮੀਟਿੰਗ ਕੀਤੀ। ਨਗਿੰਦਰ ਸਿੰਘ ਨੇ ਦਲੀਲਾਂ ਦੇ ਕੇ ਪ੍ਰੀਮੀਅਰ ਜਾਹਨ ਹਾਰਟ ਤੋਂ ਮੰਗ ਕੀਤੀ ਕਿ ਹਿੰਦੁਸਤਾਨੀਆ ਨੂੰ ਵੋਟ ਦਾ ਹੱਕ ਦਿੱਤਾ ਜਾਵੇ।

ਵੋਟ ਦੇ ਹੱਕ ਲਈ ਹੋਏ ਇਸ ਸੰਘਰਸ਼ ਵਿਚ ਹਿੰਦੁਸਤਾਨੀਆ ਨੂੰ ਬਹੁਤਾ ਸਹਿਯੋਗ ਖੱਬੀ ਸੋਚ ਵਾ਼ਲੀ




ਕਨੇਡੀਅਨ ਮਜ਼ਦੂਰਾਂ ਦੇ ਇਕ ਮੁਜਾਹਰੇ ਦੀ ਅਗਵਾਈ ਕਰਦਾ ਹੋਇਆ ਦਰਸ਼ਨ ਸਿੰਘ ਕਨੇਡੀਅਨ।



ਵੋਟ ਦੇ ਹੱਕ ਲਈ ਕੀਤੇ ਜਾ ਰਹੇ ਸੰਘਰਸ਼ ਲਈ ਵੈਨਕੂਵਰ ਗੁਰਦੁਆਰੇ ਵਿਚ ਆਪਣੇ ਸਾਥੀਆਂ ਨਾ਼ਲ ਵਿਚਾਰ-ਵਿਟਾਂਦਰਾ ਕਰਦਾ ਹੋਇਆ ਨਗਿੰਦਰ ਸਿੰਘ ਗਿੱਲ (ਚੂਹੜਚੱਕ)।

ਪਾਰਟੀ ਸੀ.ਸੀ.ਐੱਫ. (ਹੁਣ ਦੀ ਐੱਨ.ਡੀ.ਪੀ.) ਅਤੇ ਟਰੇਡ ਯੂਨੀਅਨ ਮੂਵਮੈਂਟ ਤੋਂ ਮਿ਼ਲਿਆ। ਵੈਨਕੂਵਰ ਤੋਂ ਸੀ.ਸੀ.ਐੱਫ. ਪਾਰਟੀ ਦੇ ਐੱਮ. ਐੱਲ. ਏ., ਡਬਲਿਊ. ਡਬਲਿਊ. ਲੀਫੈਕਸ ਨੇ ਫਰਵਰੀ, 1944 ‘ਚ ਵਿਕਟੋਰੀਆ ਲੈਜਿਸਲੇਟਿਵ ਅਸੰਬਲੀ ਵਿਚ ਬਿਲ ਪੇਸ਼ ਕੀਤਾ ਕਿ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਲਈ ਬੀ.ਸੀ. ਇਲੈਕਸ਼ਨ ਐਕਟ ਵਿਚ ਤਰਮੀਮ ਕੀਤੀ ਜਾਵੇ। 8 ਮਾਰਚ ਨੂੰ ਇਸ ਬਿੱਲ ‘ਤੇ ਬਹਿਸ ਹੋਈ। ਬਹਿਸ ਦੌਰਾਨ ਵੈਨਕੂਵਰ ਸੈਂਟਰ ਤੋਂ ਸੀ.ਸੀ.ਐੱਫ. ਦੀ ਐੱਮ.ਐੱਲ.ਏ. ਲਾਰਾ ਜੇਮੀਸਨ ਤਰਮੀਮ ਦੇ ਹੱਕ ਵਿਚ ਬੋਲੀ। ਉਸ ਨੇ ਦਲੀਲ ਦਿੰਦਿਆਂ ਆਖਿਆ ਕਿ ਹਿੰਦੁਸਤਾਨੀ ਫੌਜੀ ਸਾਡੇ ਲਈ ਲੜਾਈ ਵਿਚ ਫਾਸ਼ਿਸ਼ਟਾਂ ਨਾ਼ਲ ਲੜ ਰਹੇ ਹਨ ਇਸ ਲਈ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਮਿ਼ਲਨਾ ਚਾਹੀਦਾ। ਪਰ ਬੀ.ਸੀ. ਦੀ ਲਿਬਰਲ ਸਰਕਾਰ ਨੇ ਇਸ ਬਿੱਲ ਦਾ ਵਿਰੋਧ ਕੀਤਾ। ਲੇਬਰ ਮਨਿਸਟਰ ਜਾਹਨ ਪੀਅਰਸਨ ਨੇ ਤਾਂ ਇਸ ਬਿਲ ਦਾ ਵਿਰੋਧ ਕਰਦਿਆਂ ਇੱਥੋਂ ਤੱਕ ਆਖ ਦਿੱਤਾ ਕਿ “ਹਿੰਦੋਸਤਾਨੀ ਲੋਕ ਦੰਭੀ, ਬੇਈਮਾਨ ਅਤੇ ਧੋਖੇਬਾਜ਼ ਹਨ ਜਿਨ੍ਹਾਂ ‘ਤੇ ਇਤਬਾਰ ਨਹੀਂ ਕੀਤਾ ਜਾ ਸਕਦਾ।”

ਲੇਬਰ ਮਨਿਸਟਰ ਪੀਅਰਸਨ ਦੀ ਇਸ ਸਟੇਟਮੈਂਟ ਦਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਬਹੁਤ ਬੁਰਾ ਮਨਾਇਆ। ਇਸ ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ ਨੇ ਮੰਗ ਕੀਤੀ ਕਿ ਲੇਬਰ ਮਨਿਸਟਰ ਜਾਹਨ ਪੀਅਰਸਨ ਆਪਣੇ ਇਸ ਨਸਲਵਾਦੀ ਬਿਆਨ ਲਈ ਹਿੰਦੋਸਤਾਨੀ ਕਮਿਊਨਿਟੀ ਤੋਂ ਮਾਫੀ ਮੰਗੇ। ਸ੍ਰ. ਨਗਿੰਦਰ ਸਿੰਘ ਨੇ ਲੇਬਰ ਮਨਿਸਟਰ ਨੂੰ ਚੈਲਿੰਜ ਕੀਤਾ ਕਿ ਜੇ ਉਹ ਆਪਣੇ ਬਿਆਨ ਲਈ ਮਾਫੀ ਨਹੀਂ ਮੰਗਦਾ ਤਾਂ ਉਹਨੂੰ ਇਹ ਬਿਆਨ ਅਸੰਬਲੀ ਤੋਂ ਬਾਹਰ ਆ ਕੇ ਦੇਣਾ ਚਾਹੀਦਾ ਤੇ ਫੇਰ ਇਸ ਬਿਆਨ ਲਈ ਹਿੰਦੁਸਤਾਨੀ ਕਮਿਊਨਿਟੀ ਉਸ ਉੱਤੇ ਅਦਾਲਤ ਵਿਚ ਮੁਕੱਦਮਾ ਕਰੇਗੀ। ਸ੍ਰ. ਨਗਿੰਦਰ ਸਿੰਘ ਗਿੱਲ ਅਤੇ ਦਰਸ਼ਨ ਸਿੰਘ ਕਨੇਡੀਅਨ ਦੀ ਅਗਵਾਈ ਥੱਲੇ ਹਿੰਦੋਸਤਾਨੀ ਭਾਈਚਾਰੇ ਦੇ ਇਕ ਡੈਪੂਟੇਸ਼ਨ ਨੇ 14 ਮਾਰਚ, 1944 ਨੂੰ ਲੇਬਰ ਮਨਿਸਟਰ ਨੂੰ ਮਿ਼ਲ ਕੇ ਉਸਦੇ ਇਸ ਬਿਆਨ ਵਿਰੁੱਧ ਰੋਸ ਪਰਗਟ ਕੀਤਾ। ਜਾਹਨ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਖਤ ਲਿਖ ਕੇ ਆਪਣੇ ਬਿਆਨ ਲਈ ਹਿੰਦੁਸਤਾਨੀ ਭਾਈਚਾਰੇ ਤੋਂ ਮਾਫੀ ਮੰਗ ਲਈ।

ਵੋਟ ਦਾ ਹੱਕ ਲੈਣ ਲਈ ਲੜੀ ਜਾ ਰਹੀ ਲੜਾਈ ਵਿਚ ਸੀ.ਸੀ.ਐਫ. ਤੇ ਹੋਰ ਖੱਬੀਆਂ ਧਿਰਾਂ ਹਿੰਦੁਸਤਾਨੀਆ ਦੀ ਮਦਦ ਕਰ ਰਹੀਆਂ ਸਨ। ਪਰ ਨਗਿੰਦਰ ਸਿੰਘ ਹੋਰੀਂ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਕੱਲੀ ਸੀ. ਸੀ. ਐਫ. ਜਾਂ ਹੋਰ ਖੱਬੀਆਂ ਧਿਰਾਂ ਦੀ ਮਦਦ ਨਾ਼ਲ ਇਹ ਲੜਾਈ ਜਿੱਤੀ ਨਹੀਂ ਸੀ ਜਾ ਸਕਦੀ। ਇਸ ਲਈ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਮਦਦ ਜ਼ਰੂਰੀ ਸੀ। ਅਕਤੂਬਰ, 1945 ਵਿਚ ਬੀ. ਸੀ. ਦੀ ਸੂਬਾਈ ਇਲੈਕਸ਼ਨ ਹੋਣੀ ਸੀ। ਸ੍ਰ. ਨਗਿੰਦਰ ਸਿੰਘ ਨੇ ਇਲੈਕਸ਼ਨ ਵਿਚ ਹਿੱਸਾ ਲੈ ਰਹੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਖਾਲਸਾ ਦੀਵਾਨ ਸੁਸਾਇਟੀ ਵਲੋਂ ਇਕ ਖਤ ਭੇਜਿਆ। ਇਸ ਖਤ ਵਿਚ ਤਰਕ ਭਰੀਆਂ ਦਲੀਲਾਂ ਦੇ ਕੇ ਮੰਗ ਕੀਤੀ ਗਈ ਸੀ ਕਿ ਹਿੰਦੁਸਤਾਨੀਆ ਨੂੰ ਵੋਟ ਦਾ ਹੱਕ ਮਿ਼ਲਨਾ ਚਾਹੀਦਾ ਹੈ। ਖਤ ਵਿਚ ਇਨ੍ਹਾਂ ਉਮੀਦਵਾਰਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੁਆ ਕੇ ਉਹ ਆਪਣਾ ਨੈਤਿਕ ਫਰਜ਼ ਪੂਰਾ ਕਰਨ।

25 ਅਕਤੂਬਰ, 1945 ਨੂੰ ਹੋਈ ਬਰਿਟਸ਼ ਕੋਲੰਬੀਅਸ਼ਾ ਸੂਬੇ ਦੀ ਇਸ ਇਲੈਕਸ਼ਨ ‘ਚ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਸਾਂਝੀ ਸਰਕਾਰ ਬਣੀ। ਖਾਲਸਾ ਦੀਵਾਨ ਸੁਸਾਇਟੀ ਵਾ਼ਲਿਆਂ ਇਲੈਕਸ਼ਨ ਵਿਚ ਜਿੱਤਣ ਵਾ਼ਲੇ ਬਹੁਤ ਸਾਰੇ ਐੱਮ.ਐੱਲ.ਏਜ਼. ਨਾ਼ਲ ਚੰਗੇ ਸੰਬੰਧ ਬਣਾ ਲਏ ਸਨ। ਸ੍ਰ. ਨਗਿੰਦਰ ਸਿੰਘ ਨੇ ਕੋਸ਼ਿਸ਼ ਕਰਕੇ ਬਹੁਤ ਸਾਰਿਆਂ ਨਾ਼ਲ ਜਾਤੀ ਪੱਧਰ ‘ਤੇ ਦੋਸਤਾਨਾ ਸੰਬੰਧ ਬਣਾ ਲਏ ਸਨ। ਅੰਤਰ-ਰਾਸ਼ਟਰੀ ਪੱਧਰ ‘ਤੇ ਵੀ ਹਾਲਾਤ ਬਦਲ ਚੁੱਕੇ ਸਨ। ਸੰਸਾਰ ਯੁੱਧ ਖਤਮ ਹੋ ਚੁੱਕਾ ਸੀ। ਲੜਾਈ ‘ਚੋਂ ਮੁੜੇ ਕਨੇਡੀਅਨ ਫੌਜੀ ਇੱਥੇ ਰਹਿ ਰਹੇ ਹਿੰਦੁਸਤਾਨੀਆ ਨਾਲ ਹਮਦਰਦੀ ਰੱਖਦੇ ਸਨ। ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਸੰਸਾਰ ਯੁੱਧ ਦੌਰਾਨ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀਆਂ ਰਹੀਆਂ ਸਨ। ਹਿੰਦੁਸਤਾਨ ਆਜ਼ਾਦ ਹੋਣ ਵਾ਼ਲਾ ਸੀ। ਇਨ੍ਹਾਂ ਗੱਲਾਂ ਕਰਕੇ, ਨਵੀਂ ਬਣੀ ਕੁਲੀਸ਼ਨ ਸਰਕਾਰ ਨੇ 11 ਮਾਰਚ, 1946 ਨੂੰ ‘ਬਰਿਟਸ਼ ਕੋਲੰਬੀਆ ਇਲੈਕਸ਼ਨ ਐਕਟ’ ‘ਤੇ ਮੁੜ-ਵਿਚਾਰ ਕਰਨ ਲਈ ‘ਆਲ ਪਾਰਟੀ ਇਲੈਕਸ਼ਨ ਕਮੇਟੀ’ ਬਣਾ ਦਿੱਤੀ। ਇਸ ਕਮੇਟੀ ਨੇ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਲਈ ਬਰਿਟਸ਼ ਕੋਲੰਬੀਆ ਦੇ ਲੋਕਾਂ ਨੂੰ ਮਿ਼ਲ ਕੇ ਉਨ੍ਹਾਂ ਦੀ ਰਾਏ ਜਾਣਨੀ ਸੀ ਤੇ ਇਸ ਬਾਰੇ ਸਰਕਾਰ ਨੂੰ ਰਿਪੋਰਟ ਦੇਣੀ ਸੀ।

‘ਆਲ ਪਾਰਟੀ ਇਲੈਕਸ਼ਨ ਕਮੇਟੀ’ ਨੇ ਬੀ.ਸੀ. ਦੇ ਲੋਕਾਂ ਦੀ ਰਾਏ ਜਾਨਣ ਲਈ ਵੱਖ ਵੱਖ ਥਾਵਾਂ ‘ਤੇ ਮੀਟਿੰਗਾਂ ਕੀਤੀਆਂ। ਵੈਨਕੂਵਰ ‘ਚ 13 ਵਿਚੋਂ 12 ਜਥੇਬੰਦੀਆਂ ਨੇ ਇਸ ਕਮੇਟੀ ਕੋ਼ਲ ਹਿੰਦੁਸਾਨੀਆ ਨੂੰ ਵੋਟ ਦਾ ਹੱਕ ਦੇਣ ਦੀ ਸਿਫਾਰਸ਼ ਕੀਤੀ। ‘ਆਲ ਪਾਰਟੀ ਇਲੈਕਸ਼ਨ ਕਮੇਟੀ’ ਨੇ 7 ਨਵੰਬਰ, 1946 ਨੂੰ ਆਪਣੀ ਰਿਪੋਰਟ ਬੀ.ਸੀ. ਸਰਕਾਰ ਨੂੰ ਦੇ ਦਿੱਤੀ। ਲੋਕਾਂ ਵਿਚ ਹਿੰਦੁਸਤਾਨੀਆਂ ਦੇ ਹੱਕ ‘ਚ ਰਾਏ ਵੇਖਦਿਆਂ ਇਸ ਰਿਪੋਰਟ ਵਿਚ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਇਹ ਰਿਪੋਰਟ ਮਿ਼ਲਨ ਪਿੱਛੋਂ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਕੁਲੀਸ਼ਨ ਸਰਕਾਰ ਨੇ 2 ਅਪਰੈਲ, 1947 ਨੂੰ ਬਿਲ 85 ਪਾਸ ਕਰਕੇ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇ ਦਿੱਤਾ।

ਵੋਟ ਦਾ ਹੱਕ ਮਿ਼ਲਨ ਨਾ਼ਲ ਹਿੰਦੋਸਤਾਨੀ ਭਾਈਚਾਰੇ ਦਾ ਕਨੇਡਾ ਵਿਚ ਮਾਣ ਵਧਿਆ। ਸਿਰਫ ਹਿੰਦੁਸਤਾਨੀ ਭਾਈਚਾਰੇ ਦਾ ਹੀ ਨਹੀਂ ਸਗੋਂ ਇਸ ਨਾ਼ਲ ਕਨੇਡਾ ਦਾ ਵੀ ਮਾਣ ਵਧਿਆ। ਅੱਜ ਕਨੇਡਾ ਦੁਨੀਆ ਦੇ ਵਧੀਆ ਮੁਲਕਾਂ ਵਿਚ ਗਿਣਿਆਂ ਜਾਂਦਾ ਹੈ ਜਿੱਥੇ ਰੰਗ ਨਸਲ ਦਾ ਭੇਦ ਕੀਤੇ ਬਿਨਾਂ ਸਾਰਿਆ ਨੂੰ ਬਰਾਬਰ ਦੇ ਹੱਕ ਹਨ। ਵੋਟ ਦਾ ਹੱਕ ਮਿ਼ਲਨ ਕਰਕੇ ਹੀ ਹਿੰਦੁਸਤਾਨੀ ਲੋਕ ਸੂਬਾਈ ਅਤੇ ਫੈਡਰਲ ਪੱਧਰ ‘ਤੇ ਐੱਮ.ਐੱਲ.ਏ., ਐੱਮ.ਪੀ. ਅਤੇ ਵਜ਼ੀਰ ਬਣ ਸਕੇ। ਅੱਜ ਇਹ ਕਨੇਡਾ ਦੇ ਮਾਣ ਮੱਤੇ ਸ਼ਹਿਰੀ ਹਨ ਜੋ ਆਪਣੇ ਹੱਕਾਂ ਅਤੇ ਫਰਜ਼ਾਂ ਨੂੰ ਭਲੀ ਭਾਂਤ ਸਮਝਦੇ ਹਨ।

ਕਨੇਡਾ ਦਾ ਹਿੰਦੁਸਤਾਨੀ ਭਾਈਚਾਰਾ ਸ੍ਰ ਨਗਿੰਦਰ ਸਿੰਘ ਗਿੱਲ (ਚੂਹੜਚੱਕ) ਅਤੇ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਵਰਗੇ ਉਨ੍ਹਾਂ ਕਮਿਊਨਿਟੀ ਲੀਡਰਾਂ ਦਾ ਸਦਾ ਰਿਣੀ ਰਹੇਗਾ ਜਿਨ੍ਹਾਂ ਸਾਨੂੰ ਇੱਥੇ ਵੋਟ ਦਾ ਹੱਕ ਲੈ ਕੇ ਦਿੱਤਾ।

*-ਸੋਹਣ ਸਿੰਘ ਪੂੰਨੀ*

*ਮੋਬਾਇਲ- 604761-2195*




# ਮੁੱਖ ਮੰਤਰੀ ਵੱਲੋਂ ਭਵਿੱਖ ਵਿਚ ਕੁਦਰਤੀ ਆਫਤ ਨਾਲ ਨੁਕਸਾਨੀ ਫਸਲ ਲਈ ਕਿਸਾਨਾਂ ਨੂੰ ਪਹਿਲਾਂ ਮੁਆਵਜ਼ਾ ਦੇਣ ਅਤੇ ਬਾਅਦ ਵਿਚ ਗਿਰਦਾਵਰੀ ਕਰਵਾਉਣ ਦਾ ਐਲਾਨ

***ਚਿੱਟੀ ਤੇ ਗੁਲਾਬੀ ਸੁੰਡੀ ਨਾਲ ਨੁਕਸਾਨੀ ਨਰਮੇ ਦੀ ਫਸਲ ਲਈ ਘਟੀਆ ਬੀਜ ਤੇ ਕੀਟਨਾਸ਼ਕ ਜ਼ਿੰਮੇਵਾਰ, ਜਾਂਚ ਕਰਵਾ ਕੇ ਕਾਰਵਾਈ ਕੀਤੀ ਜਾਵੇਗੀ: ਭਗਵੰਤ ਮਾਨ**



ਮਾਨਸਾ, 27 ਮਾਰਚ (ਗਿਆਨ ਸਿੰਘ)- ਕੁਦਰਤੀ ਆਫਤ ਨਾਲ ਬਰਬਾਦ ਹੁੰਦੀਆਂ ਫਸਲਾਂ ਕਾਰਨ ਆਰਥਿਕ ਤੌਰ ਤੇ ਬੁਰੀ ਤਰਾਂ ਪ੍ਰਭਾਵਿਤ ਹੁੰਦੇ ਕਿਸਾਨਾਂ ਦੇ ਹਿੱਤ ਵਿਚ ਵੱਡਾ ਫੈਸਲਾ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਐਲਾਨ ਕੀਤਾ ਕਿ ਭਵਿੱਖ ਵਿਚ ਅਜਿਹੇ ਕਿਸੇ ਵੀ ਨੁਕਸਾਨ ਲਈ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇ ਕੇ ਗਿਰਦਾਵਰੀ ਦੀ ਪ੍ਰਕਿਰਿਆ ਬਾਅਦ ਵਿਚ ਮੁਕੰਮਲ ਕੀਤੀ ਜਾਵੇਗੀ।

ਇੱਥੇ ਜ਼ਿਲੇ ਵਿਚ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਨੁਕਸਾਨੇ ਨਰਮੇ ਦੀ ਫਸਲ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜਾ ਵੰਡਣ ਮੌਕੇ ਕਰਵਾਏ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਫਸਲਾਂ ਦੀ ਬਰਬਾਦੀ ਤੋਂ ਬਾਅਦ ਕਿਸਾਨਾਂ ਨੂੰ ਮੁਆਵਜ਼ਾ ਲੈਣ ਲਈ ਵੀ ਗੁੰਝਲਦਾਰ ਪ੍ਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ ਕਿਉਂਕਿ ਉਨਾਂ ਨੂੰ ਫਸਲ ਦੀ ਗਿਰਦਾਵਰੀ ਹੋਣ ਤੋਂ ਬਾਅਦ ਮੁਆਵਜ਼ਾ ਮਿਲਦਾ ਹੈ। ਦਿੱਲੀ ਦੀ ਆਪ ਸਰਕਾਰ ਵੱਲੋਂ ਪਹਿਲਾਂ ਹੀ ਇਹ ਪ੍ਰਕਿਰਿਆ ਅਪਣਾਈ ਜਾ ਰਹੀ ਹੈ ਜਿੱਥੇ ਕਿਸਾਨਾਂ ਨੂੰ ਕੁਦਰਤੀ ਆਫਤ ਨਾਲ ਨੁਕਸਾਨੀ ਫਸਲ ਦਾ ਮੁਆਵਜ਼ਾ ਦੇ ਕੇ ਉਸ ਤੋਂ ਬਾਅਦ ਗਿਰਦਾਵਰੀ ਕੀਤੀ ਜਾਂਦੀ ਹੈ।

ਪਿਛਲੇ ਸਮੇਂ ਦੌਰਾਨ ਮਾਲਵਾ ਪੱਟੀ ਵਿੱਚ ਚਿੱਟੀ ਅਤੇ ਗੁਲਾਬੀ ਸੁੰਡੀ ਨਾਲ ਬੁਰੀ ਤਰਾਂ ਨੁਕਸਾਨੀ ਗਈ ਨਰਮੇ ਦੀ ਫਸਲ ਲਈ ਕਿਸਾਨਾਂ ਨੂੰ ਮੁਹੱਈਆ ਕਰਵਾਏ ਗਏ ਘਟੀਆ ਬੀਜ ਅਤੇ ਕੀਟਨਾਸ਼ਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨਾਂ ਫਸਲਾਂ ਦੀ ਬਰਬਾਦੀ ਦੀ ਮੁਕੰਮਲ ਜਾਂਚ ਕਰਵਾ ਕੇ ਜੁੰਮੇਵਾਰੀ ਤੈਅ ਕਰਨ ਅਤੇ ਦੋਸੀਆਂ ਖਿਲਾਫ ਢੁਕਵੀਂ ਕਾਰਵਾਈ ਕਰਨ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਜ਼ਿਲੇ ਦੇ 15 ਪ੍ਰਭਾਵਿਤ ਨਰਮਾ ਕਿਸਾਨਾਂ ਨੂੰ ਮੁਆਵਜੇ ਦੇ ਚੈੱਕ ਦੇਣ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀਤੇ ਸਮੇਂ ਵਿੱਚ ਮਾਲਵੇ ਖੇਤਰ ਵਿਚ ਨਰਮੇ ਦੀ ਫਸਲ ਨੂੰ ਚਿੱਟੀ ਅਤੇ ਗੁਲਾਬੀ ਸੁੰਡੀ ਕਾਰਨ ਹੋਏ ਨੁਕਸਾਨ ਲਈ ਕੁਦਰਤੀ ਆਫਤ ਨਹੀਂ ਸਗੋਂ ਕਿਸਾਨਾਂ ਨੂੰ ਘਟੀਆ ਬੀਜ ਅਤੇ ਸਪਰੇਆਂ ਦੇਣ ਵਾਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਓਹਨਾਂ ਕਿਹਾ ਕਿ ਜੇਕਰ ਉਸ ਸਮੇਂ ਕਿਸਾਨਾਂ ਨੂੰ ਮਿਆਰੀ ਬੀਜ ਅਤੇ ਅਸਲੀ ਕੀਟਨਾਸਕ ਮੁੱਹਈਆ ਕਰਵਾਏ ਜਾਂਦੇ ਤਾਂ ਅੱਜ ਕਿਸਾਨ ਪਰਿਵਾਰ ਮੰਦਹਾਲੀ ਦੇ ਦੌਰ ਦੇ ਨਾ ਗੁਜਰਦੇ ਹੁੰਦੇ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ''ਕਿਸਾਨਾਂ ਦਾ ਸ਼ੋਸ਼ਣ ਘਟੀਆ ਬੀਜ ਜਾਂ ਦਵਾਈਆਂ ਨਾਲ ਹੀ ਨਹੀਂ ਕੀਤਾ ਜਾਂਦਾ ਸੀ ਸਗੋਂ ਫਸਲ ਦਾ ਨੁਕਸਾਨ ਹੋ ਜਾਣ 'ਤੇ ਉਨਾਂ ਨੂੰ ਨਾਮਾਤਰ ਮੁਆਵਜ਼ਾ ਦੇ ਕੇ ਕੋਰਾ ਮਜ਼ਾਕ ਵੀ ਕੀਤਾ ਜਾਂਦਾ ਸੀ।ਇੱਥੋਂ ਤੱਕ ਕਿ ਸਭ ਨੂੰ ਰਿਜ਼ਕ ਦੇਣ ਵਾਲਾ ਅੰਨਦਾਤਾ ਸਮੇਂ ਦੀਆਂ ਸਰਕਾਰਾਂ ਨੇ ਭਿਖਾਰੀ ਬਣਾ ਕੇ ਰੱਖ ਦਿੱਤਾ।''

ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦਾ ਵਾਅਦਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਵੱਖ ਵੱਖ ਯੂਨੀਵਰਸਿਟੀਆਂ ਦੇ ਮਾਹਰਾਂ ਨਾਲ ਸਲਾਹ ਮਸ਼ਵਰਾ ਕਰ ਰਹੀ ਹੈ ਤਾਂ ਕਿ ਨਵੀਆਂ ਤਕਨੀਕਾਂ ਲਿਆ ਕੇ ਕਿਸਾਨਾਂ ਨੂੰ ਚੰਗੇ ਮੁਨਾਫੇ ਵਾਲੀਆਂ ਫਸਲਾਂ ਬੀਜਣ ਵੱਲ ਪ੍ਰੇਰਿਤ ਕੀਤਾ ਜਾ ਸਕੇ। ਉਨਾਂ ਕਿਹਾ ਕਿ ਅਸੀਂ ਖੇਤੀ ਨੂੰ ਘਾਟੇ ਦਾ ਸੌਦਾ ਜਾਂ ਮਜਬੂਰੀ ਦਾ ਧੰਦਾ ਨਹੀਂ ਰਹਿਣ ਦੇਵਾਂਗੇ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇੱਥੋਂ ਦੇ ਕਿਸਾਨਾਂ ਨੂੰ ਆਰਥਿਕ ਪੱਖੋਂ ਸਥਿਰ ਕਰਨਾ ਸਾਡੀ ਸਭ ਤੋਂ ਵੱਧ ਤਰਜੀਹ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਖੇਤੀਬਾੜੀ ਯੂਨੀਵਰਸਿਟੀ ਨੂੰ ਬਿਹਤਰ ਬੀਜ ਅਤੇ ਹੋਰ ਖੋਜਾਂ ਲਈ ਢੁਕਵੇਂ ਫੰਡ ਦੇਵੇਗੀ ਅਤੇ ਬਜਟ ਵਿਚ ਵੀ ਖੇਤੀ ਨੂੰ ਤਰਜੀਹ ਦਿੱਤੀ ਜਾਵੇਗੀ। ਸੂਬੇ ਦੇ ਬਹੁਮੁੱਲੇ ਕੁਦਰਤੀ ਵਸੀਲੇ ਪਾਣੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਇੱਕ ਕਿੱਲੋ ਚੌਲ ਪੈਦਾ ਕਰਨ ਲਈ 3800 ਲੀਟਰ ਪਾਣੀ ਬਰਬਾਦ ਹੁੰਦਾ ਹੈ, ਜਿਸ ਕਰਕੇ ਸਾਨੂੰ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਵੱਲ ਮੁੜਨਾ ਹੋਵੇਗਾ, ਕਿਉਂਕਿ ਪੰਜਾਬ ਦੀ ਜ਼ਰਖੇਜ ਧਰਤੀ ਵਿਚ ਕੋਈ ਵੀ ਫਸਲ ਪੈਦਾ ਕੀਤੀ ਜਾ ਸਕਦੀ ਹੈ।

# ਪੰਜਾਬ ਵਿੱਚੋਂ ਰਿਵਾਇਤੀ ਪਾਰਟੀਆਂ ਦੀ ਰਾਜ ਸਭਾ ਦੀ ਮੈਂਬਰੀ ਖੁੱਸੀ



ਚੰਡੀਗੜ੍ਹ, 27 ਮਾਰਚ (ਪੋਸਟ ਬਿਊਰੋ)- ਪੰਜਾਬ ਦੀਆਂ ਤਿੰਨ ਰਿਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਕਰਾਰੀ ਹਾਰ ਦੇ ਸਿੱਟੇ ਵਜੋਂ ਤਿੰਨਾਂ ਪਾਰਟੀਆਂ ਦੇ ਹੱਥੋਂ ਪੰਜਾਬ ਤੋਂ ਰਾਜ ਸਭਾ ਦੀ ਨੁਮਾਇੰਦਗੀ ਖੁੱਸ ਗਈ ਹੈ। ਰਾਜ ਸਭਾ ਦੀਆਂ ਪੰਜਾਂ ਸੀਟਾਂ ਉੱਤੇ ਦੋ ਦਿਨ ਪਹਿਲਾਂ ਹੀ ਆਮ ਆਦਮੀ ਪਾਰਟੀ ਦੇ ਪੰਜ ਆਗੂਆਂ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਦੇ ਖਾਤਮੇ ਮਗਰੋਂ ਸਾਲ 1992, 1997, 2002, 2007 ਤੇ 2012 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵੱਲੋਂ ਪੰਜਾਬ ਤੋਂ ਮੈਂਬਰ ਰਾਜ ਸਭਾ ਵਿੱਚ ਭੇਜੇ ਗਏ ਸਨ। ਸਾਲ 2017 ਦੀਆਂ ਚੋਣਾਂ ਵੇਲੇ 20 ਸੀਟਾਂ ਵਾਲੀ ਆਮ ਆਦਮੀ ਪਾਰਟੀ ਨੂੰ ਇੱਕ ਮੈਂਬਰ ਪੰਜਾਬ ਤੋਂ ਰਾਜ ਸਭਾ ਵਿੱਚ ਭੇਜਣ ਦਾ ਸਬੱਬ ਬਣ ਸਕਦਾ ਸੀ, ਪਰ 2016 ਵਿੱਚ ਰਾਜ ਸਭਾ ਮੈਂਬਰਾਂ ਦੀ ਚੋਣ ਹੋ ਚੁੱਕੀ ਹੋਣ ਕਾਰਨ ਪੰਜ ਸਾਲਾਂ ਦੌਰਾਨ ਪੰਜਾਬ ਵਿੱਚ ਰਾਜ ਸਭਾ ਦੀ ਚੋਣ ਨਹੀਂ ਸੀ ਹੋਈ, ਕਿਉਂਕਿ 2016 ਵਿੱਚ ਚੁਣੇ ਮੈਂਬਰਾਂ ਦਾ ਛੇ ਸਾਲਾ ਕਾਰਜਕਾਲ 2022 ਵਿੱਚ ਖਤਮ ਹੋਣਾ ਸੀ। ਪੰਜਾਬ ਦੀਆਂ ਤਾਜ਼ਾ ਵਿਧਾਨ ਸਭਾ ਚੋਣਾਂ ਹੁੰਦਿਆਂ ਸਾਰ ਰਾਜ ਸਭਾ ਦੀਆਂ ਚੋਣਾਂ ਆ ਗਈਆਂ ਤੇ ਪੰਜੇ ਸੀਟਾਂ 92 ਵਿਧਾਇਕਾਂ ਵਾਲੀ ਆਮ ਆਦਮੀ ਪਾਰਟੀ ਦੀ ਝੋਲੀ ਪੈ ਗਈਆਂ। ਇਸ ਰਾਜ ਤੋਂ ਦੋ ਹੋਰ ਰਾਜ ਸਭਾ ਮੈਂਬਰਾਂ ਅੰਬਿਕਾ ਸੋਨੀ ਤੇ ਨਰੇਸ਼ ਗੁਜਰਾਲ ਨੇ ਇਸੇ ਸਾਲ ਜੁਲਾਈ ਮਹੀਨੇ ਸੇਵਾਮੁਕਤ ਹੋਣਾ ਹੈ ਅਤੇ ਇਹ ਦੋ ਸੀਟਾਂ ਵੀ ਆਮ ਆਦਮੀ ਪਾਰਟੀ ਨੇ ਜਿੱਤਣੀਆਂ ਹਨ। ਇਸ ਨਾਲ ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਸੱਤ ਮੈਂਬਰ ਅਤੇ ਦਿੱਲੀ ਤੋਂ ਤਿੰਨ ਮੈਂਬਰ ਹੋਣ ਨਾਲ ਰਾਜ ਸਭਾ ਵਿੱਚ ਪਾਰਟੀ ਦੇ ਮੈਂਬਰਾਂ ਦੀ ਗਿਣਤੀ 10 ਹੋ ਜਾਵੇਗੀ।

ਪੰਜਾਬ ਦੀ ਸੱਤਾ ਉੱਤੇ ਕਾਂਗਰਸ ਅਤੇ ਅਕਾਲੀ ਵਾਰੋ-ਵਾਰੀ ਕਾਬਜ਼ ਹੁੰਦੇ ਰਹੇ, ਪਰ ਵਿਧਾਨ ਸਭਾ ਸੀਟਾਂ ਦੇ ਪੱਖੋਂ ਉੱਤੇ ਦੋਵਾਂ ਪਾਰਟੀਆਂ ਅਤੇ ਭਾਜਪਾ ਨੂੰ ਵੀ ਏਥੋਂ ਰਾਜ ਸਭਾ ਲਈ ਮੈਂਬਰ ਭੇਜਣ ਦਾ ਮੌਕਾ ਮਿਲ ਜਾਂਦਾ ਸੀ। ਇਸ ਮਾਮਲੇ ਵਿੱਚ ਅਕਾਲੀ ਦਲ ਨੂੰ ਵੱਧ ਸੱਟ ਵੱਜੀ ਹੈ। ਇਸ ਦੇ ਲੋਕ ਸਭਾ ਵਿੱਚ ਵੀ ਦੋ ਮੈਂਬਰ ਹਨ। ਕਾਂਗਰਸ ਅਤੇ ਭਾਜਪਾ ਦੇ ਤਾਂ ਹੋਰ ਰਾਜਾਂ ਦੇ ਰਾਜ ਸਭਾ ਮੈਂਬਰ ਵੀ ਹਨ, ਪਰ ਅਕਾਲੀ ਦਲ ਦਾ ਨੁਮਾਇੰਦਾ ਕੋਈ ਨਹੀਂ ਰਿਹਾ।

## ਸ਼੍ਰੋਮਣੀ ਕਮੇਟੀ ਦੀਆਂ ਅਰਬਾਂ ਦੀਆਂ ਜਾਇਦਾਦਾਂ ਉੱਤੇ ਬਾਦਲ ਅਕਾਲੀ ਦਲ ਨੇ ਨਾਜਾਇਜ਼ ਕਬਜ਼ੇ ਕਰਵਾਏ





ਐਸ ਏ ਐਸ ਨਗਰ, 27 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਕਰਵਾਈ ਜਾਵੇ ਤਾਂ ਇਹ ਪੰਜਾਬ ਸਰਕਾਰ ਵਿਚਲੇ ਭ੍ਰਿਸ਼ਟਾਚਾਰ ਤੋਂ 19 ਨਹੀਂ, ਇੱਕੀ ਸਾਬਤ ਹੋਵੇਗਾ।

ਇਹ ਦੋਸ਼ ਕਿਸੇ ਹੋਰ ਨੇ ਨਹੀਂ,ਡੇਢ ਦਰਜਨਸ਼੍ਰੋਮਣੀ ਕਮੇਟੀਮੈਂਬਰਾਂ ਨੇ ਮੋਹਾਲੀ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਲਾਏ ਹਨ। ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ, ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਜੈਪਾਲ ਸਿੰਘ ਮੰਡੀਆਂ, ਰਾਮਪਾਲ ਸਿੰਘ ਬਹਿਣੀਵਾਲ, ਨਿਰਮੈਲ ਸਿੰਘ ਜੌਹਲਾਂਕਲਾਂ, ਬਾਬਾ ਗੁਰਮੀਤ ਸਿੰਘ ਤਿਰਲੋਕੇ ਵਾਲੇ, ਮਹਿੰਦਰ ਸਿੰਘ ਹੁਸੈਨਪੁਰ ਤੇ ਹਰਪ੍ਰੀਤ ਸਿੰਘ ਗਰਚਾ ਆਦਿ ਨੇ ਕਿਹਾ ਕਿ ਬਾਦਲ ਪਰਵਾਰ ਦੀ ਮਾਲਕੀ ਵਾਲੇ ਪੀ ਟੀ ਸੀ ਚੈਨਲ ਉੱਤੇ ਸ੍ਰੀ ਦਰਬਾਰ ਸਾਹਿਬ ਤੋਂ ਹੁੰਦੇ ਪ੍ਰਸਾਰਨ ਅਤੇ ਗੁਰਬਾਣੀ ਕੀਰਤਨ ਦਾ ਏਕਾਧਿਕਾਰ ਕਾਇਮ ਕਰਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਅਤੇ ਛਪਾਈ ਦੇ ਘਪਲੇ ਤੇ ਸ਼੍ਰੋਮਣੀ ਕਮੇਟੀ ਦੇ ਬਰਾਬਰ ਇੱਕ ਹੋਰ ਨਵਾਂ ਟਰੱਸਟ ਬਣਾਉਣ ਦੀਆਂ ਮੰਦਭਾਗੀਆਂ ਅਤੇ ਨਾ ਸਹਿਣਯੋਗ ਘਟਨਾਵਾਂ ਹਨ, ਜਿਨ੍ਹਾਂ ਵਿੱਚ ਸਿੱਖ ਕੌਮ ਨੂੰ ਅਜੇ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਕਮੇਟੀ ਹੇਠਲੇ ਗੁਰ-ਦੁਆਰਾ ਸਾਹਿਬਾਨ ਦਾ ਪ੍ਰਬੰਧ, ਵਿ-ਦਅਕ ਅਦਾਰੇ ਅਤੇ ਪ੍ਰਿੰਟਿੰਗ ਪ੍ਰੈਸਾਂ ਆਦਿ ਅਦਾਰੇ ਕਰੋੜਾਂ ਰੁਪਏ ਦੇ ਘਾਟੇ ਵਿੱਚ ਚੱਲਦੇ ਹਨ। ਮਾਸਟਰ ਕਾਹਨੇਕੇ ਨੇ ਕਿਹਾ ਕਿ ਚਾਲੂ ਮਾਲੀ ਸਾਲ 2022-23 ਦਾ 29 ਕਰੋੜ ਸੱਤਰ ਲੱਖ ਦੇ ਘਾਟੇ ਦਾ ਬਜਟ ਤੀਹ ਮਾਰਚ ਨੂੰ ਅੰਮ੍ਰਿਤਸਰ ਵਿਖੇ ਪੇਸ਼ ਹੋਣ ਵਾਲਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਬਜਟ ਸ਼੍ਰੋਮਣੀ ਗੁਰਦੁਆਰਾ ਐਕਟ 1925 ਅਤੇ ਪ੍ਰਬੰਧ ਸਕੀਮ ਐਕਟ ਮੁਤਾਬਕ ਤਿਆਰ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਬਜਟ ਅਨੁਮਾਨ ਵਿੱਚ ਮਾਝੇ ਖੇਤਰ ਵਿੱਚ 2991 ਕਰੋੜ ਦੀ ਜ਼ਮੀਨ ਤੋਂ ਅਸਲ ਆਮਦਨ ਚਾਰ ਕਰੋੜ 89 ਲੱਖ ਪੰਜਾਹ ਹਜ਼ਾਰ ਦੱਸੀ ਗਈ ਹੈ, ਜੋ ਬਹੁਤ ਘੱਟ ਹੈ। ਗੁਰਦੁ-ਆਰਾ ਬਾਬਾ ਬੁੱਢਾ ਜੀ ਪਿੰਡ ਤੇਜਾਕਲਾਂ ਦੀ 1015 ਏਕੜ ਜ਼ਮੀਨ, ਗੁਰਦੁਆਰਾ ਬਾਬਾ ਬੁੱਢਾ ਜੀ ਰਾਮਦਾਸਪੁਰਾ ਦੀ 1300 ਏਕੜ ਜ਼ਮੀਨ ਤੇ ਗੁਰਦੁਆਰਾ ਸਾਹਿਬ ਡੇਰਾ ਬਾਬਾ ਨਾਨਕ ਦੀ 676 ਏਕੜ ਜ਼ਮੀਨ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜ਼ਮੀਨਾਂ ਦਾ ਔਸਤ ਠੇਕਾ 15-16 ਹਜ਼ਾਰ ਪ੍ਰਤੀ ਏਕੜ ਦੇ ਲਗਭਗ ਮਿਲਦਾ ਹੈ, ਪਰ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦਾ ਮਾਲਵਾ ਖੇਤਰ ਵਿੱਚ ਠੇਕਾ 60-65 ਹਜ਼ਾਰ ਪ੍ਰਤੀ ਏਕੜ ਚੱਲਦਾ ਹੈ, ਕਾਗਜ਼ਾਂ ਵਿੱਚ ਘੱਟ ਦਿਖਾਇਆ ਜਾਂਦਾ ਹੈ।

## ਕਾਰ ਅਤੇ ਟਰਾਲੇ ਦੀ ਟੱਕਰ ਵਿੱਚ ਪਤੀ-ਪਤਨੀ ਤੇ ਬੱਚੇ ਦੀ ਮੌਤ

ਜ਼ੀਰਾ, 27 ਮਾਰਚ (ਪੋਸਟ ਬਿਊਰੋ)- ਫਿਰੋਜ਼ਪੁਰ-ਜ਼ੀਰਾ ਹਾਈਵੇ ਉੱਤੇ ਕਸਬਾ ਖੋਸਾ ਦਲ ਸਿੰਘ ਨੇੜੇ ਸੜਕ ਹਾਦਸੇ ਵਿੱਚ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਜਾਣ ਦੀ ਖਬਰ ਮਿਲੀ ਹੈ।

ਪਤਾ ਲੱਗਾ ਹੈ ਕਿ ਰਾਜਬੀਰ ਸਿੰਘ ਪੁੱਤਰ ਸੁੱਖਾ ਸਿੰਘ ਪਿੰਡ ਅਲੀਪੁਰ ਕਾਰ ਉੱਤੇ ਆਪਣੀ ਪਤਨੀ ਮਨਦੀਪ ਕੌਰ ਤੇ ਇੱਕ ਸਾਲਾ ਬੇਟੇ ਗੁਰਸਾਹਿਬ ਸਿੰਘ ਨਾਲ ਫਿਰੋਜ਼ਪੁਰ ਤੋਂ ਜ਼ੀਰੇ ਵੱਲ ਜਾ ਰਿਹਾ ਸੀ। ਜਦੋਂ ਉਹ ਜੋੜੀਆਂ ਨਹਿਰਾਂ ਪਾਰ ਕਰ ਕੇ ਖੋਸਾ ਦਲ ਸਿੰਘ ਨੇੜੇ ਪੁੱਜਾ ਤਾਂ ਉਸ ਦੀ ਟੱਕਰ ਸਾਹ-ਮਣੇ ਤੋਂ ਆਏ ਟਰਾਲੇ ਨਾਲ ਹੋ ਗਈ। ਟੱਕਰ ਨਾਲ ਕਾਰ ਦੇ ਪਰਖੱਚੇ ਉਡ ਗਏ ਤੇ ਟਰਾਲਾ ਬੇਕਾਬੂ ਹੋ ਕੇ ਰੁੱਖ ਵਿੱਚ ਜਾ ਵੱਜਿਆ। ਇਸ ਹਾਦਸੇ ਵਿੱਚ ਰਾਜਬੀਰ ਸਿੰਘ (28 ਸਾਲ) ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਉਸ ਦੀ ਪਤਨੀ ਮਨਦੀਪ ਕੌਰ ਤੇ ਗੁਰਸਾਹਿਬ ਸਿੰਘ ਦੀ ਫਿਰੋਜ਼ਪੁਰ ਹਸਪਤਾਲ ਵਿੱਚ ਪਹੁੰਚ ਕੇ ਮੌਤ ਹੋ ਗਈ। ਟਰਾਲੇ ਵਿੱਚ ਸਵਾਰ ਰੂਪਾ ਸਿੰਘ ਵਾਸੀ ਮਹਿਦੂਦਪੁਰ ਤੇ ਜਸਕਰਨ ਸਿੰਘ ਜ਼ਖਮੀ ਹੋ ਗਏ।



## ਇੰਟਰਨੈਸ਼ਨਲ ਮੈਰਿਜ ਫਰਾਡ ਮਾਮਲੇ ਵਿੱਚ ਪਤੀ-ਪਤਨੀ ਉੱਤੇ ਕੇਸ



ਜਲੰਧਰ, 27 ਮਾਰਚ (ਪੋਸਟ ਬਿਊਰੋ)- ਅਮਰੀਕਨ ਵੀਜ਼ਾ ਪਾਸ-ਪੋਰਟ ਹੋਲਡਰ ਨੌਜਵਾਨ ਦੀ ਘਰ ਬੈਠੇ ਪਹਿਲਾਂ ਪਿੰਡ ਦੀ ਲੜਕੀ ਨਾਲ ਪੇਪਰ ਮੈਰਿਜ ਕਰਵਾਉਣ ਅਤੇ ਫਿਰ ਫਰਜ਼ੀ ਮੈਰਿਜ ਸਰਟੀਫਿਕੇਟ ਬਣਵਾ ਕੇ ਪਿੰਡ ਦੀ ਲੜਕੀ ਨੂੰ ਕੈਨੇਡਾ ਦਾ ਵੀਜ਼ਾ ਦਿਵਾ ਕੇ ਇੰਟਰਨੈਸ਼ਨਲ ਮੈਰਿਜ ਫਰਾਡ ਕਰਨ ਦੇ ਕੇਸ ਵਿੱਚ ਪੁਲਸ ਨੇ ਰਵੀ ਜੈਨ ਤੇ ਕਾਮਾਕਸ਼ੀ ਜੈਨ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ, ਜਦ ਕਿ ਦੋਵੇਂ ਫਰਾਰ ਹਨ।ਜੋੜੇ ਨੇ ਗ੍ਰਿਫਤਾਰੀ ਤੋਂ ਬਚਣ ਲਈ ਸੈਸ਼ਨ ਕੋਰਟ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਪਰ ਅਦਾਲਤ ਨੇ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ ਹੈ।

ਜਲੰਧਰ ਹਾਈਟਸ ਦੇ ਵਸਨੀਕ ਅੰਕੁਸ਼ ਚੌਹਾਨ ਦਾ ਪਾਸਪੋਰਟ 13 ਅਗਸਤ 2024 ਤਕ ਹੈ। ਉਸ ਨੇ ਆਪਣਾ ਪਾਸਪੋਰਟ ਵੀਜ਼ਾ ਲਵਾਉਣ ਲਈ ਇਨਕਮ ਟੈਕਸ ਕਲੋਨੀ ਜਲੰਧਰ ਦੇ ਵਸਨੀਕ ਪਤੀ-ਪਤਨੀ ਨੂੰ ਦਿੱਤਾ ਤਾਂ ਉਸ ਜੋੜੇ ਨੇ ਸਾਢੇ ਤਿੰਨ ਲੱਖ ਰੁਪਏ ਲੈ ਕੇ ਵੀਜ਼ਾ ਲਗਵਾਇਆ ਸੀ। ਦੋਸ਼ੀ ਔਰਤ ਦਾ ਦਾਅਵਾ ਸੀ ਕਿ ਉਸ ਦੀ ਸਹੇਲੀ ਕੈਨੇਡੀਅਨ ਅੰਬੈਸੀ ਵਿੱਚ ਵੀਜ਼ਾ ਅਫਸਰ ਅਤੇ ਵੀਜ਼ਾ ਮਿਲਣਾ ਪੱਕਾ ਹੋਵੇਗਾ। ਅੰਕੁਸ਼ 2018 ਵਿੱਚ ਕੈਨੇਡਾ ਵੀਜ਼ਾ ਲੈ ਕੇ ਵੈਨਕੂਵਰ ਏਅਰਪੋਰਟ ਉੱਤੇ 13 ਅਪ੍ਰੈਲ 2019 ਨੂੰ ਪੁੱਜਾ ਤਾਂ ਸਵਾਲ-ਜਵਾਬ ਪਿਛੋਂ ਉਸ ਨੂੰ ਡਿਪੋਰਟ ਕਰ ਦਿੱਤਾ ਗਿਆ। ਉਹ ਭਾਰਤ ਆਇਆ ਤਾਂ ਉਸ ਨੇ ਆਪਣੇ ਵਕੀਲ ਰਾਹੀਂ ਅੰਬੈਂਸੀ ਤੋਂ ਸਬੰਧਤ ਦਸਤਾਵੇਜ਼ ਹਾਸਲ ਕੀਤੇ ਤਾਂ ਪਤਾ ਲੱਗਾ ਕਿ ਸੰਗਰੂਰ ਦੇ ਨੇੜਲੇ ਪਿੰਡ ਦੀ ਇੱਕ ਲੜਕੀ ਸੁਖਪ੍ਰੀਤ ਕੌਰ ਬੀਤੇ ਸਮੇਂ ਵਿੱਚ ਕੈਨੇਡਾ ਵੀਜ਼ਾ ਲੈ ਕੇ ਗਈ ਸੀ। ਉਸ ਲੜਕੀ ਅਨੁਸਾਰ ਉਸ ਨੇ ਉਕਤ ਵੀਜ਼ੇ ਲਈ 25 ਲੱਖ ਰੁਪਏ ਦਿੱਤੇ ਸਨ। ਅੰਕੁਸ਼ ਚੌਹਾਨ ਅਨੁਸਾਰ ਉਸ ਨੇ ਕੈਨੇਡਾ ਦਾਖਲ ਹੁੰਦੇ ਸਮੇਂ ਖੁਦ ਨੂੰ ਅਨਮੈਰਿਡ ਦੱਸਿਆ, ਇਸ ਲਈ ਪੁਲਸ ਨੇ ਉਸ ਨੂੰ ਪਹਿਲਾਂ ਆਈ ਸੁਖਪ੍ਰੀਤ ਦੇ ਐਫੀਡੇਵਿਟ ਅਤੇ ਮੈਰਿਜ ਰਿਕਾਰਡ ਦੇ ਆਧਾਰ ਉੱਤੇ ਝੂਠ ਬੋਲਣ ਦਾ ਦੋਸ਼ੀ ਮੰਨ ਕੇ ਡਿਪੋਰਟ ਕਰ ਦਿੱਤਾ।

## ਹੋਲੀ ਦੇ ਰੰਗ ਤੋਂ ਟੀਚਰਾਂ ਵੱਲੋਂ ਅੰਮ੍ਰਿਤਧਾਰੀ ਵਿਦਿਆਰਥਣ ਦੀ ਮਾਰ-ਕੁੱਟ



ਪਟਿਆਲਾ, 27 ਮਾਰਚ (ਪੋਸਟ ਬਿਊਰੋ)- ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋਲੀ ਦੇ ਰੰਗ ਦੇ ਕਾਰਨ ਇੱਕ ਅੰਮ੍ਰਿਤਧਾਰੀ ਵਿਦਿਆਰਥਣ ਨਾਲ ਸਕੂਲ ਟੀਚਰਾਂ ਵੱਲੋਂ ਮਾਰਕੁੱਟ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ।

ਇਸ ਦੀ ਸ਼ਿਕਾਇਤ ਪੁਲਸ ਚੌਕੀ ਬਹਾਦਰਗੜ੍ਹ ਅਤੇ ਸਿੱਖਿਆ ਵਿਭਾਗ ਕੋਲ ਵੀ ਪਹੁੰਚੀ ਹੈ, ਪਰ ਅਜੇ ਤਕ ਕਿਸੇ ਨੇ ਕਾਰਵਾਈ ਨਹੀਂ ਕੀਤੀ। ਬਹਾਦਰਗੜ੍ਹ ਦੇ ਵਾਸੀ ਪ੍ਰੇਮ ਸਿੰਘ ਨੇ ਦੱਸਿਆ ਕਿ ਉਸ ਦੀ ਲੜਕੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 10ਵੀਂ ਕਲਾਸ ਦੀ ਵਿਦਿਆਰਥਣ ਹੈ ਅਤੇ ਉਸ ਨੇ ਅੰਮ੍ਰਿਤ ਛਕਿਆ ਹੋਇਆ ਹੈ। ਹੋਲੀ ਤੋਂ ਇੱਕ ਦਿਨ ਪਹਿਲਾਂ ਸਕੂਲ ਵਿੱਚ ਰੰਗ ਪਾਉਣ ਬਾਰੇ ਬੱਚਿਆਂ ਦੀ ਆਪਸ ਵਿੱਚ ਮਾਮੂਲੀ ਕੋਈ ਗੱਲ ਹੋਣ ਪਿੱਛੋਂ ਸਕੂਲ ਦੀਆਂ ਤਿੰਨ ਟੀਚਰਾਂ ਨੇ ਉਸ ਦੀ ਲੜਕੀ ਦੇ ਨਾਲ ਮਾਰਕੁੱਟ ਕੀਤੀ। ਉਹ 17 ਮਾਰਚ ਰਾਤ ਤੋਂ ਅੱਜ ਤਕ ਆਪਣੀ ਬੇਟੀ ਨੂੰ ਕਈ ਹਸਪਤਾਲਾਂ ਵਿੱਚ ਲੈ ਕੇ ਗਿਆ ਹੈ ਤੇ ਉਸ ਦੀ ਬੇਟੀ ਅਜੇ ਬਿਮਾਰੀ ਦੀ ਹਾਲਤ ਵਿੱਚ ਹੈ। ਬੇਟੀ ਦੀ ਹਾਲਤ ਠੀਕ ਨਾ ਹੋਈ ਤਾਂ ਕਰੀਬ ਚਾਰ ਦਿਨ ਬਾਅਦ ਪੁਲਸ ਚੌਕੀ ਬਹਾਦਰਗੜ੍ਹ ਨੂੰ ਅਰਜ਼ੀ ਦਿੱਤੀ, ਪਰ ਸ਼ਿਕਾਇਤ ਲੇਟ ਹੋਣ ਦੀ ਮਜਬੂਰੀ ਨਾ ਸਮਝ ਕੇ ਉਲਟਾ ਪੀੜਤਾਂ ਨੂੰ ਦੋਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਟੀਚਰਾਂ ਦੇ ਸਰਕਾਰੀ ਕਰਮਚਾਰੀ ਹੋਣ ਦੇ ਕਾਰਨ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੂਜੇ ਪਾਸੇਅਧਿਕਾਰੀਆਂਦਾ ਕਹਿਣਾ ਹੈ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਸੀ, ਪਰ ਜਾਂਚ ਕਰਵਾ ਕੇ ਕਾਰਵਾਈ ਕੀਤੀ ਜਾਏਗੀ। ਜ਼ਿਲਾ ਸਿੱਖਿਆ ਅਫਸਰ ਦਾ ਕਹਿਣਾ ਹੈ ਕਿ ਉਹ ਵੀ ਆਪਣੇ ਤੌਰ ਉੱਤੇ ਜਾਂਚ ਕਰਵਾਉਣਗੇ ਤੇ ਜੋ ਸਾਹਮਣੇ ਆਏਗਾ, ਉਸ ਦੇ ਤਹਿਤ ਕਾਰਵਾਈ ਹੋਵੇਗੀ। ਸਕੂਲ ਪ੍ਰਿੰਸੀਪਲ ਦਾ ਕਹਿਣਾ ਹੈ ਕਿ ਮੈਂ ਆਪਣੀ ਰਿਪੋਰਟ ਉਚ ਅਧਿਕਾਰੀਆਂ ਨੂੰ ਭੇਜ ਦਿੱਤੀ ਹੈ ਅਤੇ ਕਾਰਵਾਈ ਕਰਨ ਦਾ ਅਗਲਾ ਕੰਮ ਵਿਭਾਗ ਦਾ ਹੈ।

# ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਰਾਜੋਆਣਾ ਦੀ ਪਟੀਸ਼ਨ ਉਤੇ ਫੈਸਲਾ ਛੇਤੀ ਕਰਨ ਨੂੰ ਕਿਹਾ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਮੁਆਫੀ ਦੇਣਦਾ ਛੇਤੀ ਫੈਸਲਾ ਕਰੇ ਤੇ ਇਸ ਉੱਤੇ ਕੀਤੀ ਕਾਰਵਾਈ ਦੀ ਰਿਪੋਰਟ ਸੁਪਰੀਮ ਕੋਰਟਨੂੰ ਪੇਸ਼ ਕਰੇ।



ਜਸਟਿਸ ਯੂ ਯੂ ਲਲਿਤ, ਜਸਟਿਸ ਐਸ ਰਵਿੰਦਰ ਭੱਟ ਅਤੇ ਜਸਟਿਸ ਪੀ ਐਸ ਨਰਸਿਮਹਾ ਦੇ ਬੈਂਚ ਨੇ ਕੇਂਦਰੀ ਹੋਮ ਸੈਕਟਰੀਅਤੇ ਡਾਇਰੈਕਟਰ ਸੀ ਬੀ ਆਈ ਨੂੰ ਨਿਰਦੇਸ਼ ਦਿੱਤਾ ਹੈ ਕਿ ਜੇ ਕੇਂਦਰ ਫੈਸਲਾ ਲੈਣਤੋਂ ਨਾਕਾਮ ਰਹਿੰਦਾ ਹੈ ਤਾਂ ਉਹ ਸੁਣਵਾਈ ਦੀ ਅਗਲੀ ਤਰੀਕ ਦੋ ਮਈ ਨੂੰ ਅਦਾਲਤ ਵਿੱਚ ਹਾਜ਼ਰ ਹੋਣ।ਬੈਂਚ ਨੇ ਹੁਕਮ ਵਿੱਚ ਕਿਹਾ, ਕੇਂਦਰ ਨੂੰ ਐਕਸ਼ਨ ਟੇਕਨ ਰਿਪੋਰਟ ਅਤੇ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ ਕਰਨ ਦੇ ਫੈਸਲੇ ਉੱਤੇ ਰਿਪੋਰਟ ਤੀਹ ਅਪ੍ਰੈਲ ਤਕ ਜਾਂ ਉਸ ਤੋਂ ਪਹਿਲਾਂ-ਪਹਿਲਾਂ ਸੁਪਰੀਮ ਕੋਰਟਨੂੰ ਪੇਸ਼ ਕਰਨੀ ਪਵੇਗੀ।ਅਦਾਲਤ ਵੱਲੋਂ ਜਾਰੀ ਪਿਛਲੇ ਹੁਕਮ ਦਾ ਜ਼ਿਕਰ ਕਰ ਕੇ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਸੀ ਬੀ ਆਈ ਅਧਿਕਾਰੀਆਂ ਨੂੰ ਇਸ ਬਾਰੇ ਤੁਰੰਤ ਅਧਿਐਨ ਕਰਨਾ ਚਾਹੀਦਾ ਹੈ। ਆਪਣੇ ਹੁਕਮ ਵਿੱਚ ਅਦਾਲਤ ਨੇ ਕਿਹਾ ਕਿ 1995 ਵਿੱਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਰਾਜੋਆਣਾ ਅਤੇ ਸਹਿ-ਦੋਸ਼ੀਆਂ ਦੇ ਖਿਲਾਫ ਭਾਰਤੀ ਕਾਨੂੰਨ ਦੇ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਦੀ ਸੁਣਵਾਈ ਪਿੱਛੋਂ ਹੇਠਲੀ ਅਦਾਲਤ ਨੇ ਰਾਜੋਆਣਾ ਅਤੇ ਸਾਥੀ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਬੈਂਚ ਨੇ ਕਿਹਾ ਕਿ ਧਿਆਨ ਦੇਣ ਦੀ ਗੱਲ ਹੈ ਕਿ ਪਟੀਸ਼ਨਰ ਰਾਜੋਆਣਾ ਨੇ ਨਾ ਕਦੇ ਮੌਤ ਦੀ ਸਜ਼ਾ ਨੂੰ ਚੁਣੌਤੀ ਦਿੱਤੀ ਤੇ ਨਾ ਇਸ ਫੈਸਲੇ ਖਿਲਾਫ ਕੋਈ ਅਪੀਲ ਕੀਤੀ। ਹਾਈ ਕੋਰਟ ਨੇ ਹਵਾਰਾ ਦੀ ਅਪੀਲ ਉੱਤੇ ਸੁਣਵਾਈ ਪਿੱਛੋਂ ਹੇਠਲੀ ਅਦਾਲਤ ਦਾ ਫੈਸਲਾ ਕਾਇਮ ਰੱਖਿਆ। ਬੈਂਚ ਨੇ ਕਿਹਾ ਕਿ ਇਸ ਕੇਸ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ 27 ਸਤੰਬਰ 2019 ਨੂੰ ਪੰਜਾਬ, ਗੁਜਰਾਤ, ਹਰਿਆਣਾ, ਕਰਨਾਟਕ ਤੇ ਦਿੱਲੀ ਦੇ ਚੀਫ ਸੈਕਟਰੀਆਂ ਨੂੰ ਲਿਖਿਆ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੈਦੀਆਂ ਨੂੰ ਵਿਸ਼ੇਸ਼ ਰਿਆਇਤ ਦੇ ਕੇ ਰਿਹਾਈ ਕੀਤੀ ਜਾਵੇ। ਕੋਰਟ ਵਿੱਚ ਦਾਖਲ ਕੀਤੀ ਪਟੀਸ਼ਨਵਿੱਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਇਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ।

## ਵਿਧਾਇਕ ਦੇ ਪੁੱਤਰ ਸਣੇ ਪੰਜਾਂ ਉੱਤੇ ਸਮੂਹਿਕ ਬਲਾਤਕਾਰ ਦਾ ਕੇਸ

ਜੈਪੁਰ, 27 ਮਾਰਚ (ਪੋਸਟ ਬਿਊਰੋ)- ਰਾਜਸਥਾਨ ਦੇ ਦੌਸਾ ਜ਼ਿਲ੍ਹੇ ਵਿੱਚ ਕਾਂਗਰਸ ਦੇ ਵਿਧਾਇਕ ਦੇ ਪੁੱਤਰ ਸਮੇਤ ਪੰਜ ਜਣਿਆਂ ਖਿਲਾਫ 15 ਸਾਲਾ ਨਾਬਾਲਗ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਕੇਸ ਦਰਜ ਹੋਇਆ ਹੈ। ਇੱਕ ਸਾਲ ਪੁਰਾਣਾ ਇਹ ਕੇਸ ਮੰਡਾਵਰ ਥਾਣੇ ਵਿੱਚ ਦਰਜ ਹੋਇਆ ਹੈ। ਪੁਲਸ ਰਿਪੋਰਟ ਅਨੁਸਾਰ ਨਾਬਾਲਗ 10ਵੀਂ ਵਿੱਚ ਪੜ੍ਹਦੀ ਹੈ। ਫੇਸਬੁਕ ਉੱਤੇ ਉਸ ਦੀ ਪਛਾਣ ਅਲਵਰ ਦੇ ਬੂਮੜਾ ਵਾਸੀ ਵਿਵੇਕ ਸ਼ਰਮਾ ਨਾਲ ਹੋਈ ਸੀ। 25 ਫਰਵਰੀ 2021 ਨੂੰ ਵਿਵੇਕ, ਕਾਂਗਰਸ ਵਿਧਾਇਕ ਜੌਹਰੀ ਲਾਲ ਮੀਣਾ ਦੇ ਪੁੱਤਰ ਦੀਪਕ, ਉਸ ਦੇ ਸਾਥੀ ਨੇਤਰਾਮ ਅਤੇ ਦੋ ਹੋਰ ਨੌਜਵਾਨਾਂ ਨੇ ਨਸ਼ੇ ਦੀ ਗੋਲੀ ਖੁਆ ਕੇ ਪੀੜਤਾ ਨਾਲ ਇੱਕ ਹੋਟਲ ਵਿੱਚ ਸਮੂਹਿਕ ਬਲਾਤਕਾਰ ਕੀਤਾ ਸੀ। ਵਿਵੇਕ ਤੇ ਦੀਪਕ ਨੇ ਪੀੜਤਾ ਦਾ ਅਸ਼ਲੀਲ ਵੀਡੀਓ ਬਣਾ ਲਿਆ ਸੀ। ਵਿਵੇਕ ਨੇ ਵੀਡੀਓ ਜਨਤਕ ਕਰਨ ਦੇ ਧਮਕੀ ਦੇ ਕੇ ਕਈ ਵਾਰ ਨਾਬਾਲਗ ਨਾਲ ਬਲਾਤਕਾਰ ਕੀਤਾ। ਬੀਤੇ ਸਾਲ ਮਈ ਵਿੱਚ ਪੈਸਿਆਂ ਦੀ ਮੰਗ ਕੀਤੀ ਤਾਂ ਨਬਾ-ਾਲਗ ਨੇ ਬਦਨਾਮੀ ਦੇ ਡਰ ਹੇਠ ਘਰੋਂ ਮਾਂ ਦੇ ਗਹਿਣੇ ਤੇ 15 ਲੱਖ ਰੁਪਏ ਵਿਵੇਕ ਨੂੰ ਦੇ ਦਿੱਤੇ।ਓਧਰ ਕਾਂਗਰਸ ਵਿਧਾਇਕ ਜੌਹਰੀ ਲਾਲ ਮੀਣਾ ਨੇ ਕਿਹਾ ਕਿ ਮੇਰੇ ਪੁੱਤਰ ਨੂੰ ਝੂਠੇ ਮਾਮਲੇ ਵਿੱਚ ਫਸਾਇਆ ਜਾ ਰਿਹਾ ਹੈ।

### ਸਾਬਕਾ ਮੁੱਖ ਚੋਣ ਕਮਿਸ਼ਨਰ ਕੁਰੈਸ਼ੀ ਬੋਲੇ:

# ਕਸ਼ਮੀਰੀ ਪੰਡਤਾਂ ਉੱਤੇ ਮੁਸਲਮਾਨਾਂ ਨੇ ਨਹੀਂ, ਅੱਤਵਾਦੀਆਂ ਨੇ ਜ਼ੁਲਮ ਕੀਤੇ

ਭੋਪਾਲ, 27 ਮਾਰਚ (ਪੋਸਟ ਬਿਊਰੋ)- ਸਾਬਕਾ ਮੁੱਖ ਚੋਣ ਕਮਿਸ਼ਨਰ ਐਸ ਵਾਈ ਕੁਰੈਸ਼ੀ ਨੇ ਕਿਹਾ ਕਿ ਕਸ਼ਮੀਰ ਵਿੱਚ ਪੰਡਤਾਂ ਨਾਲ ਜੋ ਕੁਝ ਹੋਇਆ ਹੈ, ਉਸ ਲਈ ਮੁਸਲਮਾਨਾਂ ਨੂੰ ਦੋਸ਼ ਦੇਣਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਕਸ਼ਮੀਰੀ ਪੰਡਤਾਂ ਉੱਤੇ ਜ਼ੁਲਮ ਮੁਸਲਮਾਨਾਂ ਨੇ ਨਹੀਂ, ਅੱਤਵਾਦੀਆਂ ਨੇ ਕੀਤਾ ਸੀ।



ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਭੋਪਾਲ ਆਏ ਕੁਰੈਸ਼ੀ ਨੇ ਇਹ ਵੀ ਕਿਹਾ ਕਿ ਲਵ ਜੇਹਾਦ ਕੋਈ ਮੁੱਦਾ ਨਹੀਂ ਹੈ, ਇਹ ਜਾਣ ਬੁੱਝ ਕੇ ਬਣਾਇਆ ਗਿਆ ਹੈ।ਕੁਰੈਸ਼ੀ ਨੇ ਫਿਲਮ 'ਦਿ ਕਸ਼ਮੀਰ ਫਾਈਲਸ' ਦੇ ਵਿਵਾਦ ਉੱਤੇ ਸਿੱਧੇ ਤੌਰ ਉੱਤੇ ਕੁਝ ਕਹਿਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਕਿਸੇ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੇ, ਨਾ ਉਨ੍ਹਾਂ ਨੇ ਫਿਲਮ ਵੇਖੀ ਹੈ, ਪਰ ਇੰਨਾ ਜ਼ਰੂਰ ਹੈ ਕਿ ਮੁਸਲਮਾਨਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਕਸ਼ਮੀਰ ਵਿੱਚ ਅੱਤਵਾਦ ਦੀ ਗੰਭੀਰ ਸਮੱਸਿਆ ਹੈ।ਲਵ ਜੇਹਾਦ ਦੇ ਵਧਦੇ ਕੇਸਾਂ ਬਾਰੇ ਕੁਰੈਸ਼ੀ ਨੇ ਕਿਹਾ ਕਿ ਪਿਆਰ ਸਿਰਫ ਪਿਆਰ ਹੈ, ਇਸ ਵਿੱਚ ਜੇਹਾਦ ਲਈ ਕੋਈ ਜਗ੍ਹਾ ਨਹੀਂ, ਪਿਆਰ ਕਿਸੇ ਦੋ ਲੋਕਾਂ ਵਿੱਚ ਕਿਤੇ ਅਤੇ ਕਦੇ ਵੀ ਹੋ ਸਕਦਾ ਹੈ। ਇਸ ਵਿੱਚ ਧਰਮ ਦੀ ਚਰਚਾ ਵਾਧੂ ਹੈ। ਕੁਰੈਸ਼ੀ ਨੇ ਹਿਜਾਬ ਦੇ ਵਿਵਾਦ ਬਾਰੇ ਕਿਹਾ ਕਿ ਕਾਲਜ ਵਿੱਚ ਯੂਨੀਫਾਰਮ ਹੁੰਦੀ ਹੀ ਨਹੀਂ, ਫਿਰ ਹਿਜਾਬ ਨੂੰ ਬੈਨ ਕਰਨ ਦੀ ਕੀ ਲੋੜ ਹੈ। ਯੂਨੀਫਾਰਮ ਸਕੂਲਾਂ ਵਿੱਚ ਹੁੰਦੀ ਹੈ। ਸਕੂਲਾਂ ਵਿੱਚ ਸਿੱਖਾਂ ਦੀ ਪੱਗੜੀ ਉੱਤੇ ਕੋਈ ਰੋਕ ਨਹੀਂ, ਹਿੰਦੂ ਔਰਤਾਂ ਨੂੰ ਸੰਧੂਰ ਲਾਉਣ ਦੀ ਖੁੱਲ੍ਹ ਹੈ ਤਾਂ ਹਿਜਾਬ ਬਾਰੇ ਵਿਵਾਦ ਗੈਰ-ਜ਼ਰੂਰੀ ਹੈ।

## ਯੂਥ ਕਾਂਗਰਸ ਨੇਤਾ ਵੱਲੋਂ ਸ਼ੋਅਰੂਮ ਮਾਲਕ ਉਤੇ ਕਾਤਲਾਨਾ ਹਮਲਾ

ਜਲੰਧਰ, 27 ਮਾਰਚ (ਪੋਸਟ ਬਿਊਰੋ)- ਏਥੋਂ ਦੇ ਇੱਕ ਯੂਥ ਕਾਂਗਰਸ ਨੇਤਾ ਨੇ ਵਿਨੈ ਨਗਰ ਦੇ ਡਰੈਸਗੁਰੂ ਸ਼ੋਅਰੂਮ ਦੇ ਮਾਲਕ ਉੱਤੇ ਕਾਤਲਾਨਾ ਹਮਲਾ ਕੀਤਾ ਹੈ। ਸ਼ੋਅਰੂਮ ਮਾਲਕ ਨਾਲ ਮਾਰਕੁੱਟ ਕਰਨ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਇਸ ਕੇਸ ਬਾਰੇ ਪੁਲਸ ਨੇ ਸ਼ਿਕਾਇਤ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਦੋਸ਼ੀ ਕਾਂਗਰਸੀ ਆਗੂ ਅਸਲ ਵਿੱਚ ਜੱਜ ਪ੍ਰਾਪਰਟੀ ਡੀਲਰ ਦੇ ਮਾਲਕ ਸ੍ਰੀਕੰਠ ਜੱਜ ਦਾ ਪੁੱਤਰ ਹੈ।

ਵਿਨੈਨਗਰ ਦੇ ਵਸਨੀਕ ਬਲ-ਜਿੰਦਰ ਸਿੰਘ ਨੇ ਦੱਸਿਆ ਕਿਵਿਨੈ ਨਗਰ ਵਿੱਚ ਉਨ੍ਹਾਂ ਦਾ ਡਰੈਸਗੁਰੂ ਨਾਂਅ ਨਾਲ ਸ਼ੋਅਰੂਮ ਹੈ, ਜਿੱਥੇ ਉਹ ਲੜਕਿਆਂ ਦੇ ਕੱਪੜੇ ਡਿਜ਼ਾਈਨ ਕਰਦੇ ਹਨ। ਉਨ੍ਹਾਂ ਕੋਲ ਸ੍ਰੀਕੰਠ ਜੱਜ ਦੇ ਪੁੱਤਰ ਹੈਰੀ ਨੇ ਕੁਝ ਦਿਨ ਪਹਿਲਾਂ ਕੁੜਤੇ ਪਜਾਮੇ ਸਿਉਣ ਦਾ ਆਰਡਰ ਦਿੱਤਾ ਸੀ, ਪਰ ਹੋਲੀ ਕਰ ਕੇ ਇਸ ਨੂੰ ਸਮਾਂ ਲੱਗ ਗਿਆ। ਕੱਲ੍ਹ ਜਦ ਹੈਰੀ ਦਾ ਕੁੜਤੇ ਪਜਾਮੇ ਲੈ ਜਾਣ ਬਾਰੇ ਫੋਨ ਆਇਆ ਤਾਂ ਉਨ੍ਹਾਂ ਨੇ ਕੁਝ ਦਿਨ ਬਾਅਦ ਲੈ ਜਾਣ ਦਾ ਕਿਹਾ। ਇਸ ਪਿੱਛੋਂ ਹੈਰੀ ਨੇ ਉਨ੍ਹਾਂ ਨਾਲ ਫੋਨ ਉੱਤੇ ਗਾਲੀ-ਗਲੋਚ ਕੀਤੀ।ਫਿਰਹੈਰੀ ਦੁਕਾਨ ਉੱਤੇ ਆਇਆ ਅਤੇ ਉਸ ਨਾਲ ਮਾਰਕੁੱਟ ਸ਼ੁਰੂ ਕਰ ਦਿੱਤੀ, ਜਿਸ ਦੇ ਬਾਅਦ ਸਿਵਲ ਹਸਪਤਾਲ ਜਾ ਕੇ ਮੈਡੀਕਲ ਰਿਪੋਰਟ ਲੈ ਕੇ ਥਾਣੇ ਦਿੱਤੀ ਹੈ।

# 200 ਮੀਟਰ ਖੱਡ ਵਿੱਚ ਬੱਸ ਡਿੱਗੀ, ਚਾਰ ਮੌਤਾਂ



ਕੰਡਾਘਾਟ, 27 ਮਾਰਚ (ਪੋਸਟ ਬਿਊਰੋ)- ਸੋਲਨ ਤੋਂ ਸਾਧੂ ਪੁਲ ਜਾ ਰਹੀ ਨਿੱਜੀ ਕੰਪਨੀ ਦੇ ਬੱਸ ਦੇ ਸਾਧੂ ਪੁਲ ਨੇੜੇ ਹਾਦਸੇ ਦਾ ਸ਼ਿਕਾਰ ਹੋਣ ਕਾਰਨ ਇਸ ਵਿੱਚ ਸਵਾਰ ਚਾਰ ਮੁਸਾਫਰਾਂ ਦੀ ਮੌਤ ਹੋ ਗਈ, ਤਿੰਨ ਜ਼ਖਮੀ ਹਨ।

ਮਿਲੀ ਜਾਣਕਾਰੀ ਅਨੁਸਾਰ ਜੈ ਮਾਂ ਤਾਰਾ ਟ੍ਰੈਵਲ ਦੀ ਬੱਸ ਕੱਲ੍ਹ ਸਵੇਰੇ ਸੋਲਨ ਤੋਂ ਸਾਧੂ ਪੁਲ ਆ ਰਹੀ ਸੀ। ਸਾਧੂ ਪੁਲ ਤੋਂ ਕਰੀਬ ਇੱਕ ਕਿਲੋਮੀਟਰ ਪਹਿਲਾਂ ਇਹ ਬੱਸ ਕੰਟਰੋਲ ਤੋਂ ਬਾਹਰ ਹੋ ਕੇ ਕਰੀਬ ਦੋ ਸੌ ਮੀਟਰ ਹੇਠਾਂ ਡਿੱਗਦੀ ਹੋਈ ਅਸ਼ਵਨੀ ਖੱਡ ਵਿੱਚ ਜਾ ਡਿੱਗੀ। ਬੱਸ ਵਿੱਚ ਡਰਾਈਵਰ, ਕੰਡਕਟਰ ਸਣੇ ਸੱਤ ਵਿਅਕਤੀ ਸਨ। ਹਾਦਸੇ ਦੀ ਸੂਚਨਾ ਮਿਲਦੇ ਸਾਰ ਐਸ ਡੀ ਐਮ ਕੰਡਾਘਾਟ, ਤਹਿਸੀਲਦਾਰ, ਐਸ ਐਚ ਓ ਅਤੇ ਪੁਲਸ ਟੀਮ ਨੇ ਮੌਕੇ ਉੱਤੇ ਪਹੁੰਚ ਕੇ ਰਾਹਤ ਕਾਰਜ ਕੀਤਾ। ਪ੍ਰਸ਼ਾਸਨ ਵੱਲੋਂ ਮ੍ਰਿਤਕਾਂ ਦੇ ਪਰਵਾਰਾਂ ਨੂੰ 10-10 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ।

## ਫਰਾਂਸ ਦਾ ਫਰਜ਼ੀ ਵੀਜਾ ਬਣਾਉਣ ਵਾਲੇ ਮੁੱਖ ਦੋਸ਼ੀ ਸਣੇ ਦੋ ਗ੍ਰਿਫ਼ਤਾਰ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਇੰਦਰਾ ਗਾਂਧੀ ਅੰਤਰਰਾਸ਼ਟਰੀ (ਆਈ ਜੀ ਆਈ) ਏਅਰਪੋਰਟ ਪੁਲਸ ਨੇ ਫਰਾਂਸ ਦੇ ਫਰਜ਼ੀ ਵੀਜਾ ਉੱਤੇ ਪੈਰਿਸ ਦਾ ਰਹੇ ਤਿੰਨ ਯਾਤਰੀਆਂ ਦੀ ਗ੍ਰਿਫ਼ਤਾਰੀ ਦੇ ਬਾਅਦ ਫਰਜ਼ੀ ਵੀਜਾ ਬਣਾਉਣ ਵਾਲੇ ਮੁੱਖ ਦੋਸ਼ੀ ਸਮੇਤ ਦੋ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਵਿੱਚ ਪੰਜਾਬ ਦਾ ਸੰਦੀਪ ਕੁਮਾਰ ਅਤੇ ਉਤਮ ਨਗਰ, ਦਿੱਲੀ ਦਾ ਰਹਿਣ ਵਾਲਾ ਗੁਰਵਿੰਦਰ ਸਿੰਘ ਸ਼ਾਮਲ ਦੱਸਿਆ ਗਿਆ ਹੈ। ਪੁਲਸ ਦੇ ਅਨੁਸਾਰ 16 ਮਾਰਚ ਨੂੰ ਸੀ ਆਈ ਐਸ ਐਫ ਦੀ ਟੀਮ ਨੇ ਆਈ ਜੀ ਆਈ ਏਅਰਪੋਰਟ ਉੱਤੇ ਫਰਜ਼ੀ ਵੀਜਾ ਹੋਣ ਦੇ ਸ਼ੱਕ ਉੱਤੇ ਪੈਰਿਸ ਜਾਂਦੇ ਤਿੰਨ ਯਾਤਰੀਆਂ ਸੁਚਾ ਸਿੰਘ, ਸੁਰਜੀਤ ਸਿੰਘ ਤੇ ਅਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਜਰਮਨ ਐਮਬੈਸੀ ਦੇ ਏਅਰਪੋਰਟ ਲਾਇਜਨ ਆਫਿਸਰ ਦੀ ਜਾਂਚ ਵਿੱਚ ਵੀਜਾ ਫਰਜ਼ੀ ਹੋਣ ਦੀ ਪੁਸ਼ਟੀ ਹੋਈ ਸੀ।

# ਹਸਪਤਾਲ 'ਚ ਕੋਵਿਡ ਰੋਗੀਆਂ ਲਈ ਜਾਂਚ ਨੀਤੀ ਬਦਲਣ ਦੀ ਜ਼ਰੂਰਤ



ਲੰਡਨ, 27 ਮਾਰਚ (ਪੋਸਟ ਬਿਊਰੋ)- ਜਿਨ੍ਹਾਂ ਲੋਕਾਂ ਨੂੰ ਕੋਵਿਡ-19 ਅਤੇ ਫਲੂ ਦੇ ਕਾਰਨ ਇੱਕੋ ਸਮੇਂ ਵਿੱਚ ਹਸਪਤਾਲ ਭਰਤੀ ਕਰਾਇਆ ਗਿਆ ਸੀ, ਉਨ੍ਹਾਂ ਵਿੱਚ ਗੰਭੀਰ ਬਿਮਾਰੀ ਅਤੇ ਮੌਤ ਦਾ ਖਤਰਾ ਉਨ੍ਹਾਂ ਰੋਗੀਆਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਹੈ, ਜਿਹੜੇ ਪਿਛਲੇ ਦਿਨੀਂ ਕੋਵਿਡ ਜਾਂ ਕਿਸੇ ਹੋਰ ਵਾਇਰਸ ਦੀ ਲਪੇਟ ਵਿੱਚ ਆਏ ਸਨ।

ਦ ਲੈਂਸੇਟ ਜਰਨਲ ਵਿੱਚ ਛਪੀ ਨਵੀਂ ਖੋਜਨੇ ਸੰਕੇਤ ਦਿੱਤਾ ਕਿ ਸਾਰਸ-ਸੀ ਓ ਵੀ-2 ਦੇ ਕੋ-ਇਨਫੈਕਸ਼ਨ ਵਾਲੇ ਰੋਗੀਆਂ, ਜੋ ਕੋਵਿਡ-19 ਦਾ ਕਾਰਨ ਬਣਦੇ ਹਨ ਅਤੇ ਇਨਫਲੂਏਂਜਾ ਵਾਇਰਸ ਨੂੰ ਵੈਂਟੀਲੇਸ਼ਨ ਦੀ ਲੋੜ ਚਾਰ ਗੁਣਾ ਵੱਧ ਹੁੰਦੀ ਹੈ ਤੇ ਮਰਨ ਦੀ ਸੰਭਾਵਨਾ 2.4 ਗੁਣਾ ਵੱਧ ਹੁੰਦੀ ਹੈ। ਐਡਿਨਬਰਾ ਯੂਨੀਵਰਸਿਟੀ ਦੇ ਖੋਜਕਰਤਾ ਕੇਨੇਥ ਬੇਲੀ ਨੇ ਕਿਹਾ, "ਅਸੀਂ ਪਤਾ ਲਾਇਆ ਕਿ ਕੋਵਿਡ ਅਤੇ ਫਲੂ ਵਾਇਰਸ ਦਾ ਸੰਯੋਜਨ ਵਿਸ਼ੇਸ਼ ਤੌਰ ਉਤੇ ਖਤਰਨਾਕ ਹੈ। ਇਹ ਮਹੱਤਵਪੂਰਨ ਹੋਵੇਗਾ ਕਿਉਂਕਿ ਕਈ ਦੇਸ਼ ਸਮਾਜਕ ਦੂਰੀ ਅਤੇ ਰੋਕਥਾਮ ਦੇ ਉਪਾਵਾਂ ਦੀ ਵਰਤੋਂ ਨੂੰ ਘੱਟ ਰਹੇ ਹਨ।"

ਬੇਲੀ ਨੇ ਕਿਹਾ, "ਅਸੀਂ ਆਸ ਕਰਦੇ ਹਾਂ ਕਿ ਫਲੂ ਦੇ ਨਾਲ ਕੋਵਿਡ ਪ੍ਰਸਾਰਤ ਹੋਵੇਗਾ, ਜਿਸ ਦੇ ਕਾਰਨ ਸਹਿ-ਇਨਫੈਕਸ਼ਨ ਦੀ ਸੰਭਾਵਨਾ ਵਧ ਜਾਏਗੀ। ਇਸ ਲਈ ਸਾਨੂੰ ਹਸਪਤਾਲ ਵਿੱਚ ਕੋਵਿਡ ਰੋਗੀਆਂ ਲਈ ਜਾਂਚ ਰਣਨੀਤੀ ਨੂੰ ਬਦਲਣਾ ਚਾਹੀਦਾ ਹੈ ਤੇ ਫਲੂ ਦੇ ਲਈ ਵੱਧ ਵਿਆਪਕ ਜਾਂਚ ਕਰਨੀ ਚਾਹੀਦੀ ਹੈ।"ਖੋਜਕਾਰਾਂ ਦਾ ਕਹਿਣਾ ਹੈ ਕਿ ਨਤੀਜੇ ਹਸਪਤਾਲ ਵਿੱਚ ਕੋਵਿਡ ਰੋਗੀਆਂ ਦੇ ਜ਼ਿਆਦਾ ਫਲੂ ਜਾਂਚ ਦੀ ਜ਼ਰੂਰਤ ਦੱਸਦੇ ਹਨ ਅਤੇ ਕੋਵਿਡ ਅਤੇ ਫਲੂ ਦੋਵਾਂ ਖਿਲਾਫ ਪੂਰਨ ਟੀਕਾਕਰਨ ਦਾ ਮਹੱਤਵ ਵੀ ਜ਼ਾਹਰ ਕਰਦੇ ਹਨ। ਖੋਜ ਦੇ ਦੌਰਾਨ ਟੀਮ ਨੇ ਛੇ ਫਰਵਰੀ 2020 ਅਤੇ ਅੱਠ ਦਸੰਬਰ 2021 ਦੌਰਾਨ ਯੂ ਕੇ ਵਿੱਚ ਕੋਵਿਡ ਕਾਰਨ ਹਸਪਤਾਲ ਵਿੱਚ ਭਰਤੀ 305,000 ਤੋਂ ਵੱਧ ਰੋਗੀਆਂ ਨੂੰ ਸ਼ਾਮਲ ਕੀਤਾ। ਰੈਸਿਪਰੇਟ੍ਰੀ ਵਾਇਰਲ ਸਹਿ-ਇਨਫੈਕਸ਼ਨ ਦੀ ਜਾਂਚ ਦੇ ਨਤੀਜੇ ਕੋਵਿਡ ਦੇ 6965 ਰੋਗੀਆਂ ਲਈ ਦਰਜ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਘੱਟ ਤੋਂ ਘੱਟ 227 ਵਿੱਚ ਇਨਫਲੂਏਂਜਾ ਵਾਇਰਸ ਸੀ।

# ਮਹਾਤਮਾ ਗਾਂਧੀ ਦੀ ਪੋਤਰੀ ਵੱਲੋਂ 'ਮੋਦੀ ਸਟੋਰੀ' ਦਾ ਉਦਘਾਟਨ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੀ ਪੋਤਰੀ ਸੁਮਿਤਰਾ ਗਾਂਧੀ ਕੁਲਕਰਨੀ ਨੇ ਕੱਲ੍ਹ 'ਮੋਦੀ ਸਟੋਰੀ ਲਾਂਚ ਕਰਨ ਦਾ ਐਲਾਨ ਕੀਤਾ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ ਦੇ ਪ੍ਰੇਰਕ ਪਲਾਂ ਨੂੰ ਦਿਖਾਉਣ ਲਈ ਇੱਕ ਸਵੈ ਸੇਵਕਾਂ ਦੀ ਪਹਿਲ ਹੈ। ਗਾਂਧੀ ਕੁਲਕਰਨੀ ਨੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਵੈਬਸਾਈਟ ਦਾ ਪ੍ਰਚਾਰ ਕਰਦੇ ਹੋਏ ਟ੍ਰੇਲਰ ਵਿੱਚ ਕਿਹਾ, "ਇੱਕ ਨੌਜਵਾਨ ਸਾਡੇ ਨਾਲ ਰਹਿੰਦਾ ਸੀ, ਅਸੀਂ ਚੰਗੇ ਦੋਸਤ ਸੀ ਤੇ ਇਹ ਅੱਜ ਵੀ ਜਾਰੀ ਹੈ।" ਇਸ ਵਿੱਚ ਅਧਿਆਤਮਿਕ ਗੁਰੂ ਅਤੇ ਸਮਾਜਕ ਵਰਕਰ, ਸਵਾਮੀ ਅਧਵੇਸ਼ਾਨੰਦ ਗਿਰੀ, ਕਲਾਸੀਕਲ ਡਾਂਸਰ ਸੋਨਲ ਮਾਨ ਸਿੰਘ, ਓਲੰਪੀਅਨ ਨੀਰਜ ਚੋਪੜਾ ਅਤੇ ਬੈਡਮਿੰਟਨ ਸਟਾਰ ਪੁਲੇਲਾ ਗੋਪੀਚੰਦ ਦੁਆਰਾ ਸੰਪਾਦਕੀ ਸਬੂਤ ਵੀ ਹਨ। ਇਹ ਸਟੋਰੀ ਚਰਚਾ ਦਾ ਮੁੱਦਾ ਬਣ ਸਕਦੀ ਹੈ।

ਗੁਜਰਾਤ ਦੇ ਅਨੁਭਵ ਬਾਰੇ ਇੱਕ ਗਵਾਹ ਕਿਸ਼ੋਰੀ ਲਾਲ ਅਗਰਵਾਲ ਨੇ ਦੱਸਿਆ ਕਿ ਉਹ ਮੋਦੀ ਨੂੰ ਐਮਰਜੈਂਸੀ ਦੇ ਦਿਨਾਂ ਵਿੱਚ ਇੱਕ ਸਿੱਖ ਵਾਂਗ ਪੱਗੜੀ ਵਾਲੇ ਰੂਪ ਵਿੱਚ ਆਉਣ ਦੀ ਯਾਦ ਦਿਵਾਉਂਦੇ ਹਨ। 'ਮੋਦੀ ਸਟੋਰੀ' ਅਨੁਸਾਰ "ਨਵੇਂ ਭਾਰਤ ਦਾ ਨਿਰਮਾਣ ਆਮ ਭਾਰਤੀਆਂ ਦੇ ਇਕਜੁਟ ਹੋਣ ਦੀ ਕਹਾਣੀ ਹੈ, ਜੋ 'ਹਮ ਲੋਗ' ਦੀ ਭਾਵਨਾ ਵਿੱਚ ਮਹਾਨਤਾ ਦੀ ਇੱਛਾ ਰੱਖਦੇ ਹਨ।" ਉਨ੍ਹਾਂ ਨੇ ਕਿਹਾ, "ਇਸ ਦੇ ਮੂਲ ਵਿੱਚ, ਕਾਰਵਾਈ ਅਤੇ ਇੱਛਾਵਾਂ ਨੂੰ ਸੁਰਜੀਤ ਕਰਨ ਵਾਲੇ ਨਰਿੰਦਰ ਮੋਦੀ ਹਨ।" ਉਨ੍ਹਾਂ ਨੇ ਕਿਹਾ ਕਿ ਦੂਰ ਅਤੇ ਨੇੜਲੇ ਕਈ ਲੋਕ ਹਨ, ਜਿਨ੍ਹਾਂ ਨੇ ਮੋਦੀ ਦੇ ਜੀਵਨ, ਉਨ੍ਹਾਂ ਦਾ ਮਕਸਦ, ਅਖੰਡਤਾ ਅਤੇ ਤੀਬਰਤਾ ਦੀ ਇੱਕ ਝਲਕ ਫੜੀ ਹੈ। 'ਮੋਦੀ ਸਟੋਰੀ' ਅਜਿਹੀਆਂ ਆਵਾਜ਼ਾਂ ਦੇ ਬਾਰੇ ਹੈ। ਇਹ ਸਮੂਹਿਕ ਅਤੇ ਨਿੱਜੀ ਰੂਪ ਤੋਂ ਸਾਡੇ ਸਾਰਿਆਂ ਦੇ ਬਾਰੇ ਹੈ।"




ਇਸ ਵੈਬਸਾਈਟ ਉੱਤੇ ਪੰਜਾਬ ਤੋਂ ਭਾਜਪਾ ਨੇਤਾ ਮਨੋਰੰਜਨ ਕਾਲੀਆ ਨੇ ਮੋਦੀ ਨਾਲ ਜੁੜੇ ਅਨੁਭਵਸਾਂਝੇ ਕੀਤੇ ਹਨ। ਮੋਦੀ ਨੇ ਪਾਰਟੀ ਆਗੂ ਵਜੋਂ ਆਪਣੀ ਰਾਜਨੀਤਕ ਯਾਤਰਾ ਦੇ ਮੁੱਢਲੇ ਦਿਨਾਂ ਵਿੱਚ ਇਸ ਸੂਬੇ ਵਿੱਚ ਕੰਮ ਕੀਤਾ ਸੀ। ਇਸ ਦੇ ਇਲਾਵਾ ਗੁਜਰਾਤ ਦੇ ਵਾਡਨਗਰ ਵਿੱਚ ਪ੍ਰਧਾਨ ਮੰਤਰੀ ਦੇ ਸਕੂਲ ਦੇ ਪ੍ਰਿੰਸੀਪਲ ਰਾਸਬਿਹਾਰੀ ਮਾਨਿਆਰ ਅਤੇ ਸ਼ਾਰਦਾ ਪ੍ਰਜਾਪਤੀ ਨੇ ਵੀ ਮੋਦੀ ਨਾਲ ਜੁੜੇ ਅਨੁਭਵਾਂ ਨੂੰ ਸਾਂਝਾ ਕੀਤਾ ਹੈ। ਮੋਦੀ 1990 ਦੇ ਦਹਾਕੇ ਵਿੱਚ ਆਪਣੇ ਦੌਰਿਆਂ ਦੌਰਾਨ ਪ੍ਰਜਾਪਤੀ ਦੇ ਘਰ ਅਕਸਰ ਠਹਿਰਦੇ ਸਨ। ਪੋਰਟਲ ਉੱਤੇ ਓਲੰਪਿਕ ਸੋਨ ਤਮਗਾ ਜੇਤੂ ਖਿਡਾਰੀ ਨੀਰਜ ਚੋਪੜਾ ਤੇ ਬੈਡਮਿੰਟਨ ਖਿਡਾਰੀ ਪੁਲੇਲਾ ਗੋਪੀਚੰਦ ਨੇ ਵੀ ਮੋਦੀ ਨਾਲ ਜੁੜੇ ਆਪਣੇ ਅਨੁਭਵ ਸਾਂਝੇ ਕੀਤੇ ਹਨ। ਕਾਲੀਆ ਨੇ ਚੋਣ ਪ੍ਰਚਾਰ ਮੁਹਿੰਮ ਦੌਰਾਨ ਮੋਦੀ ਦੀ ਬਿਹਤਰੀਨ ਸਮਝ ਦਾ ਜ਼ਿਕਰ ਕੀਤਾ ਅਤੇ ਪ੍ਰਚਾਰ ਦੌਰਾਨ ਬੱਚਿਆਂ ਨੂੰ ਵੰਡਣ ਲਈ ਟੌਫੀਆਂ ਰੱਖਣ ਦੀ ਪ੍ਰਧਾਨ ਮੰਤਰੀ ਦੀ ਸਲਾਹ ਦੇ ਬਾਰੇ ਦੱਸਿਆ।

# ਯੋਗੀ ਮੰਤਰੀ ਮੰਡਲ ਵਿੱਚ ਅੱਧੇ ਮੰਤਰੀਆਂ ਉਤੇ ਅਪਰਾਧਕ ਕੇਸ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਨਵੇਂ ਮੰਤਰੀਆਂ ਵਿੱਚੋਂ ਲਗਭਗ ਅੱਧੇ ਜਣਿਆਂ ਦੇ ਖਿਲਾਫ ਅਪਰਾਧਕ ਕੇਸ ਦਰਜ ਹਨ, ਜਦ ਕਿ 87 ਫੀਸਦੀ ਮੰਤਰੀ ਕਰੋੜਪਤੀ ਹਨ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਦੀ ਰਿਪੋਰਟ ਅਨੁਸਾਰ ਕੁੱਲ ਮੰਤਰੀਆਂ ਵਿੱਚੋਂ 22 ਜਣੇ (49 ਫੀਸਦੀ) ਵਿਰੁੱਧ ਅਪਰਾਧਕ ਕੇਸ ਹਨ, ਵੀਹ ਮੰਤਰੀਆਂ ਯਾਨੀ 44 ਫੀਸਦੀ ਉੱਤੇ ਗੰਭੀਰ ਅਪਰਾਧਕ ਕੇਸ ਦਰਜ ਹਨ।45 ਮੰਤਰੀਆਂ ਵਿੱਚੋਂ 39 ਜਣੇ, ਯਾਨੀ 87 ਫੀਸਦੀ ਕਰੋੜਪਤੀ ਹਨ ਤੇ 45 ਮੰਤਰੀਆਂ ਦੀ ਔਸਤ ਜਾਇਦਾਦ ਨੌਂ ਕਰੋੜ ਰੁਪਏ ਹੈ। ਤਿਲੋਈ ਵਿਧਾਨ ਸਭਾ ਚੋਣ ਹਲਕੇ ਦੇ ਵਿਧਾਇਕ ਮਯੰਕੇਸ਼ਵਰ ਸ਼ਰਣ ਸਿੰਘ ਦੀ ਜਾਇਦਾਦ 58.07 ਕਰੋੜ ਰੁਪਏ ਹੈ। ਕਰੀਬ ਅੱਸੀ ਫੀਸਦੀ ਮੰਤਰੀ ਗ੍ਰੈਜੂਏਟ ਤੇ ਉਸ ਤੋਂ ਅੱਗੇ ਦੀ ਪੜ੍ਹਾਈ ਕਰ ਚੁੱਕੇ ਹਨ, ਜਦ ਕਿ ਵੀਹ ਫੀਸਦੀ ਮੰਤਰੀਆਂ ਦੀ ਵਿਦਿਅਕ ਯੋਗਤਾ ਅੱਠਵੀਂ ਤੋਂ 12ਵੀਂ ਪਾਸ ਹੈ। ਵੀਹ ਮੰਤਰੀਆਂ ਦੀ ਉਮਰ ਤੀਹ ਤੋਂ ਪੰਜਾਹ ਸਾਲ ਦੇ ਵਿਚਾਲੇ ਅਤੇ 25 ਮੰਤਰੀਆਂ ਦੀ ਉਮਰ 51 ਤੋਂ ਸੱਤਰ ਸਾਲ ਵਿਚਾਲੇ ਹੈ। ਕੁੱਲ ਮੰਤਰੀਆਂ ਵਿੱਚ ਪੰਜ ਔਰਤਾਂ ਹਨ। ਯੋਗੀ ਮੰਤਰੀ ਮੰਡਲ ਵਿੱਚ 52 ਮੰਤਰੀਆਂ ਵਿੱਚੋਂ 21 ਉਚ ਵਰਗ, ਵੀਹ ਪਿਛੜਾ ਵਰਗ (ਓ ਬੀ ਸੀ), ਨੌਂ ਦਲਿਤ, ਇੱਕ ਸਿੱਖ ਅਤੇ ਇੱਕ ਮੁਸਲਿਮ ਚਿਹਰੇ ਨੂੰ ਸ਼ਾਮਲ ਕੀਤਾ ਗਿਆ ਹੈ।

### ਕਾਂਗਰਸ ਵੱਲੋਂ ਹਾਈ ਕੋਰਟ ਜਾਣ ਦੀ ਧਮਕੀ

# ਕਿਰਤ ਮੰਤਰੀ ਨੇ ਚਾਹ ਬਾਗਾਂ ਵਾਲੇ ਮਜ਼ਦੂਰਾਂ ਦੇ 58 ਲੱਖ ਕਢਵਾਏ

ਅਗਰਤਲਾ, 27 ਮਾਰਚ (ਪੋਸਟ ਬਿਊਰੋ)- ਤ੍ਰਿਪੁਰਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬੀਰਜੀਤ ਸਿਨਹਾ ਨੇ ਭਾਜਪਾ ਸਰਕਾਰ ਵਿੱਚ ਕਿਰਤ ਮੰਤਰੀ ਭਗਵਾਨ ਦਾਸ ਦੇ ਖਿਲਾਫ ਹਾਈ ਕੋਰਟ ਜਾਣ ਦੀ ਧਮਕੀ ਦਿੱਤੀ ਹੈ।



ਸਿਨਹਾ ਨੇ ਕਿਹਾ ਕਿ ਇਸ ਰਾਜ ਦੇ ਨਤਿੰਗਚੇਰਾ ਦੇ ਚਾਹ ਬਾਗਾਂ ਦੀ ਕਾਫੀ ਜ਼ਮੀਨ ਸਰਕਾਰ ਨੇ ਸੜਕ ਬਣਾਉਣ ਲਈ ਐਕੁਆਇਰ ਕੀਤੀ ਹੈ ਅਤੇ ਸਰਕਾਰ ਨੇ ਚਾਹ ਬਾਗਾਂ ਵਿੱਚ ਚਾਹ ਦੇ ਪੌਦਿਆਂ ਨੂੰ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਉਨੋਕੋਟੀ ਦੇ ਜ਼ਿਲ੍ਹਾ ਅਧਿਕਾਰੀ ਸੌਮਿੱਤਰਾ ਚਕਮਾ ਦੀ ਸਹਿਮਤੀ ਨਾਲ ਗੈਰ ਬੈਂਕਿੰਗ ਵਿੱਤੀ ਕੰਪਨੀ ਦੇ ਬੰਦ ਖਾਤੇ ਵਿੱਚੋਂ ਗੈਰ ਬੈਂਕਿੰਗ ਵਿੱਤੀ ਕੰਪਨੀ ਦੇ ਬੰਦ ਖਾਤੇ ਵਿੱਚੋਂ ਪੂਰੇ 58 ਲੱਖ ਰੁਪਏ ਕਢਵਾਏ ਹਨ। ਸਿਨਹਾ ਨੇ ਦੋਸ਼ ਲਗਾਇਆ ਕਿ ਭਾਵੇਂ ਇਸ ਕੰਮ ਵਿੱਚ ਕਿਰਤ ਮੰਤਰੀ ਦਾਸ, ਜ਼ਿਲ੍ਹਾ ਅਧਿਕਾਰੀ ਚਕਮਾ ਤੇ ਨਤਿੰਗਚੇਰਾ ਚਾਹ ਬਾਗਾਂ ਦੇ ਪ੍ਰਬੰਧਕ ਮੁਸੱਬਰ ਸ਼ਾਮਲ ਸਨ, ਪਰ ਸ਼ਿਕਾਇਤ ਪਿੱਛੋਂ ਸੂਬਾ ਸਰਕਾਰ ਨੇ ਕੇਵਲ ਜ਼ਿਲਾ ਅਧਿਕਾਰੀ ਚਕਮਾ ਨੂੰ ਸਸਪੈਂਡ ਕੀਤਾ ਅਤੇ ਮੰਤਰੀ ਭਗਵਾਨ ਦਾਸ ਦੇ ਖਿਲਾਫ ਕਾਰਵਾਈ ਨਹੀਂ ਕੀਤੀ। ਸਿਨਹਾ ਨੇ ਕਿਹਾ ਕਿ ਅਸੀਂ ਇਸ ਬਾਰੇ ਗੰਭੀਰਤਾ ਨਾਲ ਜਾਂਚ ਕਰਨ ਤੇ ਸਾਰੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਤ੍ਰਿਪੁਰਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਾਂਗੇ।




# ਪਾਕਿ ਵਿੱਚ ਵਿਆਹ ਦੌਰਾਨ ਪਾਪੜ ਵੈਂਡਰ ਦਾ ਕਤਲ

## *ਮਹਿਮਾਨ ਲਾਸ਼ ਦੇ ਕੋਲ ਦਾਅਵਤ ਖਾਂਦੇ ਰਹੇ

ਪੇਸ਼ਾਵਰ, 27 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੇ ਪੱਤੋਕੀ ਸ਼ਹਿਰ ਵਿੱਚ ਵਿਆਹ ਸਮਾਗਮ ਦੌਰਾਨ ਹੋਏ ਝਗੜੇ ਵਿੱਚ ਇੱਕ ਪਾਪੜ ਵਾਲੇ ਨੂੰ ਮਹਿਮਾਨਾਂ ਨੇ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਮਹਿਮਾਨ ਬਿਨਾਂ ਕਿਸੇ ਚਿੰਤਾ ਦੇ ਲਾਸ਼ ਦੇ ਨੇੜੇ ਜਸ਼ਨ ਅਤੇ ਦਾਅਵਤ ਕਰਦੇ ਰਹੇ। ਇਸ ਘਟਨਾ ਦੀ ਸ਼ਰਮਨਾਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਲੋਕਾਂ ਵਿੱਚ ਰੋਸ ਫੈਲ ਗਿਆ ਹੈ। ਰਿਪੋਰਟ ਮੁਤਾਬਕ ਵਾਇਰਲ ਹੋਈ ਇੱਕ ਵੀਡੀਓ ਵਿੱਚ ਦਿੱਸਦਾ ਹੈ ਕਿ ਕਤਲ ਮਗਰੋਂ ਲਾਸ਼ ਫਰਸ਼ ਉਤੇ ਪਈ ਰਹੀ ਅਤੇ ਵਿਆਹ ਵਿੱਚ ਆਏ ਮਹਿਮਾਨ ਕਿਸੇ ਚਿੰਤਾ ਦੇ ਬਿਨਾਂ ਕਬਾਬ ਅਤੇ ਬਿਰਿਆਨੀ ਦਾ ਆਨੰਦ ਲੈਂਦੇ ਰਹੇ। ਮ੍ਰਿਤਕ ਦੀ ਪਛਾਣ ਅਸ਼ਰਫ ਉਰਫ ਸੁਲਤਾਨ ਵਜੋਂ ਹੋਈ ਹੈ। ਪੁਲਸ ਨੇ ਕਤਲ ਦੇ ਇਸ ਬਾਰੇ ਮੈਰਿਜ ਹਾਲ ਦੇ ਮੈਨੇਜਰ ਸਮੇਤ 12 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਫੋਰੈਂਸਿਕ ਸਾਇੰਸ ਏਜੰਸੀ (ਪੀ ਐਫ ਐਸ ਏ) ਦੀ ਟੀਮ ਨੇ ਸਬੂਤ ਇਕੱਠੇ ਕਰ ਲਏ ਹਨ।ਜ਼ਿਲ੍ਹਾ ਪੁਲਸ ਅਫਸਰ ਨੇ ਦੱਸਿਆ ਕਿ ਉਨ੍ਹਾਂ ਨੇ ਸੀ ਸੀ ਟੀ ਵੀ ਕੈਮਰੇ ਅਤੇ ਵੀਡੀਓ ਸਣੇ ਹੋਰ ਸਬੂਤ ਇਕੱਠੇ ਕੀਤੇ ਹਨ, ਜਿਨ੍ਹਾਂ ਦੀ ਮੱਦਦ ਨਾਲ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ।



ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ
ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




# ਪੈਨਸ਼ਨ ਕੱਟੇ ਜਾਣ ਦਾ ਸਾਬਕਾ ਵਿਧਾਇਕਾਂ ਵੱਲੋਂ ਵਿਰੋਧ

ਮੰਡੀ ਅਹਿਮਦਗੜ੍ਹ, 27 ਮਾਰਚ (ਪੋਸਟ ਬਿਊਰੋ)- ਇੱਕ ਤੋਂ ਵੱਧ ਪੈਨਸ਼ਨਾਂ ਲੈ ਰਹੇ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸਬੰਧਤ ਸਾਬਕਾ ਵਿਧਾਇਕਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਰਫ ਇੱਕ ਟਰਮ ਦੀ ਪੈਨਸ਼ਨ ਦੇਣ ਦਾ ਫੈਸਲਾ ਸੰਘ ਤੋਂ ਹੇਠਾਂ ਨਹੀਂ ਉਤਰ ਰਿਹਾ।ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਅਤੇ ਦੋ ਵਾਰ ਦੇ ਵਿਧਾਇਕ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਐਲਾਨ ਨੂੰ ਅਣ-ਅਧਿਕਾਰਤ ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਸੰਵਿਧਾਨ ਦੀ ਧਾਰਾ 21 ਅਨੁਸਾਰ ਪੈਨਸ਼ਨ ਮੌਲਿਕ ਅਧਿਕਾਰ ਹੈ ਅਤੇ ਧਾਰਾ 300ਏ ਰਾਹੀਂ ਕਮਾਈ ਗਈ ਜਾਇਦਾਦਹੋਣ ਕਾਰਨ ਇਸ ਵਿੱਚ ਸੰਵਿਧਾਨਕ ਢੰਗ ਨਾਲ ਹੀ ਤਬਦੀਲੀ ਹੋ ਸਕਦੀ ਹੈ।

ਅਕਾਲੀ ਦਲ ਵੱਲੋਂ ਦੋ ਵਾਰ ਵਿਧਾਇਕ ਰਹੇ ਦਰਸ਼ਨ ਸਿੰਘ ਸ਼ਿਵਾਲਕ ਨੇ ਦਲੀਲ ਦਿੱਤੀ ਕਿਸੇ ਵੀ ਵਿਧਾਇਕ ਦੇ ਸਮਾਜ ਵਿੱਚ ਵਿਚਰਨ ਵੇਲੇ ਹੋਣ ਵਾਲੇ ਖਰਚੇ ਉਸ ਦੀ ਵਿਧਾਨ ਸਭਾ ਵਿੱਚ ਨੁਮਾਇੰਦਗੀ ਸਮੇਂ ਦੇ ਸਿੱਧੇ ਅਨੁਪਾਤ ਵਿੱਚ ਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਿਆਸੀ ਜੀਵਨ ਦੌਰਾਨ ਲੋਕਾਂ ਦੀ ਆਓ ਭਗਤ ਅਤੇ ਸ਼ਗਨ ਆਦਿ ਦੇਣ ਲਈ ਉਨ੍ਹਾਂ ਨੂੰ ਆਪਣੀ ਜਾਇਦਾਦ ਦਾ ਵੱਡਾ ਹਿੱਸਾ ਵੇਚਣਾ ਪਿਆ ਹੈ ਅਤੇ ਸਮਾਜ ਨੂੰ ਸਮਾਂ ਦੇਣ ਕਰ ਕੇ ਪਰਵਾਰ ਦਾ ਵਪਾਰ ਵੀ ਠੱਪ ਹੋਇਆ ਹੈ। ਦੂਸਰੇ ਪਾਸੇ ਭਾਰਤੀ ਯੁਵਾ ਮੋਰਚਾ ਦੇ ਸਾਬਕਾ ਸੂਬਾ ਪ੍ਰਧਾਨ ਆਸ਼ੂਤੋਸ਼ ਵਿਨਾਇਕ ਨੇ ਕਿਹਾ ਕਿ ਪੈਨਸ਼ਨਾਂ ਬਾਰੇ ਕੋਈ ਵੀ ਸੰਵਿਧਾਨਕ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦ ਕੇ ਵਿਚਾਰ ਕਰਨੀ ਚਾਹੀਦੀ ਹੈ।

# ਆਧਾਰ ਕਾਰਡ ਘਰ ਭੁੱਲੀ ਵਿਦਿਆਰਥਣ ਨੂੰ ਟੈੱਸਟ ਨਹੀਂ ਦੇਣ ਦਿੱਤਾ

ਜਲੰਧਰ, 27 ਮਾਰਚ (ਪੋਸਟ ਬਿਊਰੋ)- ਰਿਜ਼ਰਵ ਬੈਂਕ ਆਫ ਇੰਡੀਆ ਦਾ ਰਿਕਰੂਟਮੈਂਟ ਟੈੱਸਟ ਦੇਣ ਲਈ ਘਰੋਂ ਗਈ ਵਿਦਿਆਰਥਣ ਚੇਤਨਾ ਬੇਦੀ ਆਪਣਾ ਆਧਾਰ ਕਾਰਡ ਘਰਭੁੱਲ ਗਈ ਅਤੇ ਉਸ ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ ਅਤੇ ਉਹ ਟੈੱਸਟ ਦੇਣ ਤੋਂ ਵਾਂਝੀ ਰਹਿ ਗਈ।



ਵਰਨਣ ਯੋਗ ਹੈ ਕਿ ਰਿਜ਼ਰਵ ਬੈਂਕ ਆਫ ਇੰਡੀਆ ਦੀ ਰਿਕਰੂਟਮੈਂਟ ਲਈ ਸੈਫਰਨ ਮਾਲ ਜੀ ਟੀ ਰੋਡ ਉੱਤੇਟੈੱਸਟ ਲਿਆ ਗਿਆ, ਜਿਸ ਲਈ ਉਮੀਦਵਾਰਾਂ ਨੂੰ ਪਹਿਲਾਂ ਤੋਂ ਐਡਮਿਟ ਕਾਰਡ ਜਾਰੀ ਕੀਤੇ ਗਏ ਅਤੇ ਉਨ੍ਹਾਂ ਨੂੰ ਦਾਖਲੇ ਲਈ ਅਸਲੀ ਆਧਾਰ ਕਾਰਡ ਨਾਲ ਲਿਆਉਣ ਨੂੰ ਕਿਹਾ ਗਿਆ ਸੀ। ਬਿਨਾਂ ਆਧਾਰ ਕਾਰਡ ਕਿਸੇ ਨੂੰ ਦਾਖਲ ਨਾ ਹੋਣ ਦੇਣ ਦੀ ਗੱਲ ਵੀ ਕਹੀ ਗਈ ਸੀ।ਵਿਦਿਆਰਥਣ ਨੇ ਦੱਸਿਆ ਕਿ ਉਹ ਪੂਰੇ ਟਾਈਮ ਉੱਤੇ ਸਾਢੇ ਤਿੰਨ ਵਜੇ ਟੈੱਸਟ ਕੇਂਦਰ ਦੇ ਬਾਹਰ ਪਹੁੰਚ ਗਈ, ਪਰ ਉਸ ਤੋਂ ਆਧਾਰ ਕਾਰਡ ਦੀ ਹਾਰਡ ਕਾਪੀ ਮੰਗੀ ਗਈ। ਉਸ ਨੇ ਦੱਸਿਆ ਕਿ ਉਹ ਛੇਤੀ ਵਿੱਚ ਆਧਾਰ ਕਾਰਡ ਘਰ ਭੁੱਲ ਆਈ ਸੀ, ਪਰ ਉਸ ਕੋਲ ਸਾਫਟ ਕਾਪੀ ਮੋਬਾਈਲ ਵਿੱਚ ਮੌਜੂਦ ਹੈ ਤਾਂ ਉਸ ਨੇ ਸਾਫਟ ਕਾਪੀ ਉਨ੍ਹਾਂ ਨੂੰ ਦਿਖਾਈ, ਪਰ ਐਂਟਰੀ ਗੇਟ ਉੱਤੇ ਸਕਿਓਰਿਟੀ ਗਾਰਡ ਨਹੀਂ ਮੰਨੇ ਤੇ ਉਨ੍ਹਾਂ ਆਧਾਰ ਕਾਰਡ ਅਸਲ ਲਿਆਉਣ ਲਈ ਕਿਹਾ।ਫਿਰ ਚੇਤਨਾ ਦੇ ਪਿਤਾ ਆਧਾਰ ਕਾਰਡ ਦੀ ਅਸਲੀ ਕਾਪੀ ਕਢਵਾਉਣ ਲਈ ਕੈਫੇ ਉੱਤੇ ਵੀ ਗਏ, ਪਰ ਕਾਪੀ ਨਾ ਨਿਕਲਣ ਉੱਤੇ ਘਰੋਂ ਓਰੀਜਨਲ ਕਾਪੀ ਲੈ ਕੇ ਉਥੇ ਪਹੁੰਚੇ, ਪਰ ਤਦ ਤਕ ਪ੍ਰੀਖਿਆ ਕੇਂਦਰ ਦਾ ਗੇਟ ਬੰਦ ਕਰ ਦਿੱਤਾ ਗਿਆ ਸੀ ਅਤੇ ਵਿਦਿਆਰਥਣ ਨੂੰ ਪ੍ਰੀਖਿਆ ਕੇਂਦਰ ਵਿੱਚ ਐਂਟਰੀ ਨਹੀਂ ਦਿੱਤੀ ਗਈ ਅਤੇ ਉਸ ਦਾ ਇੱਕ ਸਾਲ ਖਰਾਬ ਹੋ ਗਿਆ।ਇਸ ਬਾਰੇ ਐਂਟਰੀ ਗੇਟ ਉੱਤੇ ਤ੍ਰਿਲੋਚਨ ਸਿੰਘ ਦਾ ਕਹਿਣਾ ਹੈ ਕਿ ਲੜਕੀ ਨੂੰ ਉਨ੍ਹਾਂ ਨੇ ਆਪਣਾ ਖੁਦ ਫੋਨ ਦਿੱਤਾ ਤੇ ਸਮੇਂ ਉੱਤੇ ਆਧਾਰ ਕਾਰਡ ਲੈ ਕੇ ਆਉਣ ਲਈ ਪਿਤਾ ਨਾਲ ਗੱਲ ਵੀ ਕਰਾਈ, ਪਰ ਜਦ ਤਕ ਉਸ ਦੇ ਪਿਤਾ ਆਏ, ਪ੍ਰੀਖਿਆ ਸ਼ੁਰੂ ਹੋ ਚੁੱਕੀ ਸੀ, ਇਸ ਲਈ ਮੈਨੇਜਮੈਂਟ ਮੈਂਬਰਾਂ ਨੇ ਗੇਟ ਬੰਦ ਕਰ ਲਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੰਡਿਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO — Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE $1,749,900 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE $1,950,000 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS-JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017